# ਤੁਹਾਡੇ ਕੋਲ ਵਿਕਲਪ ਹਨ: ਜਿਨਸੀ ਪ੍ਰਹਾਰ ਤੋਂ ਬਾਅਦ ਦੀ ਮਦਦ



Manitoba

ਜੇਕਰ ਤੁਸੀਂ ਕਿਸੇ ਜਿਨਸੀ ਪ੍ਰਹਾਰ ਦੇ ਪੀੜਤ ਹੋ, ਤਾਂ ਤੁਹਾਨੂੰ ਮਦਦ ਮਿਲ ਸਕਦੀ ਹੈ। ਤੁਸੀਂ ਸੋਚ ਰਹੇ ਹੋਵੋਗੇ ਕਿ ਅੱਗੇ ਕੀ ਕਰਨਾ ਹੈ, ਜਿਵੇਂ ਕਿ ਪੁਲਿਸ ਨੂੰ ਜਿਨਸੀ ਪ੍ਰਹਾਰ ਦੀ ਸੂਚਨਾ ਦੇਣਾ। ਤੁਸੀਂ ਇਸ ਬਾਰੇ ਗੈਰ-ਯਕੀਨੀ ਹੋ ਸਕਦੇ ਹੋ ਕਿ ਜੇਕਰ ਤੁਸੀਂ ਸੂਚਨਾ ਦਿੰਦੇ ਹੋ ਤਾਂ ਕੀ ਹੋਵੇਗਾ।

ਇਹ ਗਾਈਡ ਇਹਨਾਂ ਚੀਜ਼ਾਂ ਵਿੱਚ ਤੁਹਾਡੀ ਮਦਦ ਕਰੇਗੀ:

- ਜਿਨਸੀ ਪ੍ਰਹਾਰ ਦੀ ਪਛਾਣ ਕਰਨਾ ਅਤੇ ਇਸ ਨੂੰ ਸਮਝਣਾ
- ਆਪਣੇ ਅਧਿਕਾਰਾਂ ਨੂੰ ਜਾਣਨਾ
- ਅਪਰਾਧਕ ਨਿਆਂ ਪ੍ਰਣਾਲੀ ਨੂੰ ਸਮਝਣਾ, ਜਿਸ ਵਿੱਚ ਪੁਲਿਸ ਨੂੰ ਰਿਪੋਰਟ ਕਰਨਾ ਅਤੇ ਅਦਾਲਤ ਜਾਣਾ ਸ਼ਾਮਲ ਹੈ
- ਸੁਰੱਖਿਅਤ ਰਹਿਣਾ
- ਆਪਣੇ ਵਿਕਲਪ ਜਾਣਨਾ
- ਕਾਉਂਸਲਿੰਗ, ਸਹਾਇਤਾ ਅਤੇ ਨਿਵਾਰਨ ਪ੍ਰਾਪਤ ਕਰਨਾ

ਤੁਹਾਡੀ ਸਿਹਤ ਮਹੱਤਵਪੂਰਨ ਹੈ।

- ਭਾਵੇਂ ਤੁਸੀਂ ਸੱਟ ਦੇ ਨਿਸ਼ਾਨ ਨਹੀਂ ਵੇਖ ਸਕਦੇ ਹੋ, ਜਿੰਨੀ ਛੇਤੀ ਹੋ ਸਕੇ ਡਾਕਟਰੀ ਸਹਾਇਤਾ ਪ੍ਰਾਪਤ ਕਰੋ। ਤੁਹਾਨੂੰ ਕਈ ਅਜਿਹੀਆਂ ਸੱਟਾਂ ਲੱਗ ਸਕਦੀਆਂ ਹਨ ਜਿਹੜੀਆਂ ਤੁਸੀਂ ਨਹੀਂ ਵੇਖ ਸਕਦੇ ਹੋ, ਤੁਸੀਂ ਬੇਹੋਸ਼ ਕਰਨ ਵਾਲੀਆਂ ਜਾਂ ਗੈਰ-ਕਾਨੂੰਨੀ ਨਸ਼ੀਲੀਆਂ ਦਵਾਈਆਂ ਦੇ ਸੰਪਰਕ ਵਿੱਚ ਆ ਸਕਦੇ ਹੋ ਅਤੇ ਤੁਹਾਨੂੰ ਲਿੰਗੀ ਤੌਰ 'ਤੇ ਫੈਲਣ ਵਾਲੀ ਬੀਮਾਰੀਆਂ, ਲਾਗਾਂ ਜਾਂ ਅਣਚਾਹੀਆਂ ਗਰਭ ਅਵਸਥਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।
- ਤੁਸੀਂ ਕਿਸੇ ਹਸਪਤਾਲ ਜਾਂ ਨਰਸਿੰਗ ਸਟੇਸ਼ਨ ਵਿਖੇ ਕਿਸ ਕਿਸਮ ਦੀ ਡਾਕਟਰੀ ਦੇਖਭਾਲ ਪ੍ਰਾਪਤ ਕਰੋਗੇ, ਇਸ ਸਮੇਤ ਤੁਹਾਡੀ ਸਿਹਤ ਅਤੇ ਜਿਨਸੀ ਪ੍ਰਹਾਰ ਬਾਰੇ ਵਧੇਰੇ ਜਾਣਕਾਰੀ ਲਈ, ਵੇਖੋ:
- www.manitoba.ca/youarenotalone
- http://klinic.mb.ca/in-person-counselling/sexual-assault-crisis-counselling/seeking-medical-attention-after-a-sexual-assault/
- http://www.hsc.mb.ca/emergencyNurseExam.html

ਇਸ ਪ੍ਰਕਾਸ਼ਨ ਨੂੰ ਜਸਟਿਸ ਕੈਨੇਡਾ ਦੇ ਵਿਕਟਿਮਜ਼ ਫੰਡ ਵਿਭਾਗ ਦੁਆਰਾ ਭਾਗ ਵਿੱਚ ਸਹਿਯੋਗ ਦਿੱਤਾ ਗਿਆ ਸੀ।



## ਜਿਨਸੀ ਪ੍ਰਹਾਰ ਕੀ ਹੁੰਦਾ ਹੈ?

ਤੁਸੀਂ ਜਿਨਸੀ ਪ੍ਰਹਾਰ ਦੇ ਸ਼ਿਕਾਰ ਹੋਏ ਹੋ ਸਕਦੇ ਹੋ ਜੇਕਰ ਤੁਸੀਂ:

- ਕਿਸੇ ਵੀ ਕਿਸਮ ਦੀ ਜਿਨਸੀ ਗਤੀਵਿਧੀ ਜਾਂ ਸੰਪਰਕ ਲਈ ਸਹਿਮਤ ਨਹੀਂ ਹੋਏ
- ਕਿਸੇ ਵੀ ਅਣਚਾਹੀ ਜਿਨਸੀ ਗਤੀਵਿਧੀ ਜਾਂ ਸੰਪਰਕ ਕਾਇਮ ਕਰਨ ਲਈ ਦਬਾਅ, ਚਾਲਬਾਜੀ ਜਾਂ ਧਮਕੀ ਦੁਆਰਾ ਤੁਹਾਨੂੰ ਮਜ਼ਬੂਰ ਕੀਤਾ ਗਿਆ ਸੀ
- ਉਸ ਸਮੇਂ 'ਤੇ ਜਿਨਸੀ ਗਤੀਵਿਧੀ ਨੂੰ ਸਮਝ ਕੇ ਉਸ ਨਾਲ ਸਹਿਮਤ ਨਹੀਂ ਹੋਏ (ਉਦਾਹਰਣ ਲਈ, ਜੇਕਰ ਤੁਸੀਂ ਸੌ ਰਹੇ ਸੀ, ਬੇਹੋਸ਼, ਨਸ਼ੇ ਵਿੱਚ ਸੀ ਜਾਂ ਸ਼ਰਾਬ ਪੀਤੀ ਹੋਈ ਸੀ)।

## ਜੇਕਰ ਮੇਰੇ 'ਤੇ ਜਿਨਸੀ ਪ੍ਰਹਾਰ ਕੀਤਾ ਗਿਆ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਅਜੇ ਵੀ ਖ਼ਤਰੇ ਵਿੱਚ ਹੋ, ਤਾਂ 911 ਜਾਂ ਆਪਣੀ ਸਥਾਨਕ ਪੁਲਿਸ ਨੂੰ ਫ਼ੋਨ ਕਰੋ।
- ਸੁਰੱਖਿਅਤ ਜਗ੍ਹਾ 'ਤੇ ਜਾਓ।
- ਜਿੰਨੀ ਜਲਦੀ ਹੋ ਸਕੇ ਡਾਕਟਰੀ ਦੇਖਭਾਲ ਲਈ ਕਿਸੇ ਹਸਪਤਾਲ, ਕਲੀਨਿਕ ਜਾਂ ਨਰਸਿੰਗ ਸਟੇਸ਼ਨ 'ਤੇ ਜਾਓ।

- ਆਪਣੇ ਕਿਸੇ ਭਰੋਸੇਯੋਗ ਵਿਅਕਤੀ ਨੂੰ ਇਸ ਬਾਰੇ ਦੱਸੋ (ਉਦਾਹਰਨ ਲਈ, ਦੋਸਤ, ਰਿਸ਼ਤੇਦਾਰ ਜਾਂ ਬਜ਼ੁਰਗ)।
- ਜੇਕਰ ਤੁਸੀਂ ਪੁਲਿਸ ਨੂੰ ਪ੍ਰਹਾਰ ਦੀ ਸੂਚਨਾ ਦੇਣ ਦਾ ਫੈਸਲਾ ਕਰਦੇ ਹੋ ਤਾਂ ਸਬੂਤ ਨੂੰ ਸੰਭਾਲ ਕੇ ਰੱਖੋ (ਉਦਾਹਰਣ ਲਈ, ਜਿਨਸੀ ਪ੍ਰਹਾਰ ਦੌਰਾਨ ਪਾਏ ਕੱਪੜਿਆ ਨੂੰ ਬਿਨਾਂ ਧੋਏ ਸੰਭਾਲੋ; ਇਸ਼ਨਾਨ ਨਾ ਕਰੋ)।

## ਜੇਕਰ ਮੇਰੇ 'ਤੇ ਜਿਨਸੀ ਪ੍ਰਹਾਰ ਹੋਇਆ ਹੈ ਤਾਂ ਕੀ ਇਹ ਮੇਰਾ ਕਸੂਰ ਹੈ?

ਜਿਨਸੀ ਪ੍ਰਹਾਰ ਕਿਸੇ ਵੀ ਸਮੇਂ, ਕਿਸੇ ਨਾਲ ਵੀ ਹੋ ਸਕਦਾ ਹੈ। ਇਸ ਵਿੱਚ ਤੁਹਾਡਾ ਕਸੂਰ ਨਹੀਂ ਹੈ। ਇਹ 100 ਪ੍ਰਤੀਸ਼ਤ ਉਸ ਵਿਅਕਤੀ ਦੀ ਜ਼ੁੰਮੇਵਾਰੀ ਹੈ ਜਿਸ ਨੇ ਤੁਹਾਡੇ 'ਤੇ ਜਿਨਸੀ ਪ੍ਰਹਾਰ ਕੀਤਾ ਸੀ। ਤੁਸੀਂ ਜੋ ਕੁਝ ਵੀ ਕੀਤਾ ਜਾਂ ਕਿਹਾ, ਉਹ ਜਿਨਸੀ ਪ੍ਰਹਾਰ ਦਾ ਕਾਰਨ ਨਹੀਂ ਸੀ (ਉਦਾਹਰਣ, ਕੱਪੜੇ ਜੋ ਤੁਸੀਂ ਪਾਏ ਹੋਏ ਸਨ ਜਾਂ ਸ਼ਰਾਬ ਜੋ ਤੁਸੀਂ ਪੀਤੀ ਸੀ)।

## ਸਹਿਮਤੀ ਕੀ ਹੁੰਦੀ ਹੈ?

ਜਿਨਸੀ ਗਤੀਵਿਧੀ ਲਈ, ਗਤੀਵਿਧੀ ਵਿੱਚ ਹਿੱਸਾ ਲੈਣ ਵਾਲੇ ਸਾਰੇ ਲੋਕਾਂ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਉਮਰ ਦੀ ਪਰਵਾਹ ਕੀਤੇ ਬਿਨਾਂ, ਸਹਿਮਤੀ ਤੋਂ ਬਿਨਾਂ ਕੀਤੀ ਸਾਰੀ ਜਿਨਸੀ ਗਤੀਵਿਧੀ ਅਪਰਾਧਕ ਜੁਰਮ ਹੁੰਦੀ ਹੈ।

- ਸਹਿਮਤੀ ਦਾ ਅਰਥ ਹੈ ਕਿਸੇ ਕੰਮ ਨੂੰ ਕਰਨ ਲਈ ਸੁਤੰਤਰਤਾ ਨਾਲ ਇਜਾਜ਼ਤ ਦੇਣਾ।
- ਸਹਿਮਤੀ ਦਾ ਅਰਥ ਹੈ ਕਿ ਇੱਕ ਵਿਅਕਤੀ ਸ਼ਬਦਾਂ ਜਾਂ ਕਿਰਿਆਵਾਂ ਰਾਹੀਂ, ਜਿਨਸੀ ਗਤੀਵਿਧੀ ਵਿੱਚ ਹਿੱਸਾ ਲੈਣ ਲਈ ਸਵੈ-ਇੱਛਾ ਨਾਲ ਸਹਿਮਤ ਹੁੰਦਾ ਹੈ।
- ਸਹਿਮਤੀ ਦਾ ਅਰਥ ਇਹ ਵੀ ਹੈ ਕਿ ਦੋਨਾਂ ਧਿਰਾਂ ਦੁਆਰਾ ਸਰਗਰਮੀ ਨਾਲ ਜਿਨਸੀ ਗਤੀਵਿਧੀ ਵਿੱਚ ਹਿੱਸਾ ਲੈਣ ਲਈ ਅਸਲ ਇੱਛਾ ਹੁੰਦੀ ਹੈ (ਸਿਰਫ ਹਾਂ ਦਾ ਮਤਲਬ ਹੀ ਹਾਂ ਹੁੰਦਾ ਹੈ)। ਯਾਦ ਰੱਖੋ ਕਿ, ਸਿਰਫ਼ ਇਹ ਕਹਿ ਕੇ ਕਿ ਤੁਸੀਂ ਜਿਨਸੀ ਗਤੀਵਿਧੀ ਨੂੰ ਰੋਕਣਾ ਚਾਹੁੰਦੇ ਹੋ, ਜਾਂ ਤੁਹਾਡੀਆਂ ਕਾਰਵਾਈਆਂ ਦੁਆਰਾ (ਮੌਖਿਕ ਅਤੇ ਗ਼ੈਰ-ਮੌਖਿਕ ਇਸ਼ਾਰਿਆਂ ਸਮੇਤ), ਤੁਹਾਡੀ ਸਹਿਮਤੀ ਨੂੰ ਕਿਸੇ ਵੀ ਸਮੇਂ ਵਾਪਸ ਲਿਆ ਜਾ ਸਕਦਾ ਹੈ।

ਹਮੇਸ਼ਾਂ ਯਾਦ ਰੱਖੋ ਕਿ ਇੱਕ ਜਿਨਸੀ ਕਾਰਜ ਲਈ ਸਹਿਮਤ ਹੋਣ ਦਾ ਅਰਥ ਹੋਰ ਜਿਨਸੀ ਕਾਰਜਾਂ ਲਈ ਸਹਿਮਤੀ ਦੇਣਾ ਨਹੀਂ ਹੁੰਦਾ ਹੈ। ਨਾਲ ਹੀ, ਇਸ ਲਈ ਕਿ ਤੁਸੀਂ ਪਹਿਲਾਂ ਕਿਸੇ ਨਾਲ ਸੰਭੋਗ ਕੀਤਾ ਹੈ ਜਾਂ ਜਿਨਸੀ ਸੰਪਰਕ ਸਾਧਿਆ ਹੈ, ਇਸਦਾ ਅਰਥ ਇਹ ਨਹੀਂ ਹੈ ਕਿ ਤੁਸੀਂ ਹਮੇਸ਼ਾਂ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ।

ਸਹਿਮਤੀ ਬਾਰੇ ਵਧੇਰੇ ਜਾਣਕਾਰੀ ਲਈ, ਮੈਨੀਟੋਬਾ ਸਟੇਟਸ ਆਫ਼ ਵੂਮੈਨ ਯੂ ਆਰ ਨੋਟ ਅਲੋਨ (Manitoba Status of Women You are Not Alone) ਵੈਬਸਾਈਟ 'ਤੇ ਜਾਓ: http://www.gov.mb.ca/youarenotalone/consent.html

ਤੁਸੀਂ ਸਹਿਮਤੀ ਦੀ ਉਮਰ ਬਾਰੇ ਵਧੇਰੇ ਕਾਨੂੰਨੀ ਜਾਣਕਾਰੀ ਇੱਥੇ ਵੇਖ ਸਕਦੇ ਹੋ:
http://www.justice.gc.ca/eng/rp-pr/other-autre/clp/faq.html

## ਮੇਰੇ ਅਧਿਕਾਰ ਕੀ ਹਨ?

ਜੋ ਤੁਹਾਡੇ ਨਾਲ ਹੋਇਆ, ਉਹ ਤੁਹਾਡੇ ਨਿਯੰਤਰਣ ਤੋਂ ਬਾਹਰ ਸੀ, ਪਰ ਤੁਹਾਨੂੰ ਇਹ ਚੁਣਨ ਦਾ ਅਧਿਕਾਰ ਹੈ ਕਿ ਅੱਗੇ ਕੀ ਹੁੰਦਾ ਹੈ। ਉਹ ਫ਼ੈਸਲੇ ਕਰਨ ਲਈ ਜੋ ਤੁਹਾਡੇ ਲਈ ਸਹੀ ਹਨ, ਵਿਕਲਪਾਂ ਅਤੇ ਉਪਲਬਧ ਮਦਦ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਮਹੱਤਵਪੂਰਨ ਹੁੰਦਾ ਹੈ।

ਜਿਨਸੀ ਪ੍ਰਹਾਰਸਮੇਤ, ਜੁਰਮਾਂ ਦੇ ਸ਼ਿਕਾਰ ਲੋਕਾਂ ਕੋਲ ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰਨ ਦਾ ਹੱਕ ਹੁੰਦਾ ਹੈ। ਇਹ ਸੇਵਾਵਾਂ ਪੂਰੇ ਪ੍ਰਾਂਤ ਵਿੱਚ ਸਥਿਤ ਮੈਨੀਟੋਬਾ ਜਸਟਿਸ ਵਿਕਟਮ ਸਰਵੀਸਿਸ (Manitoba Justice Victim Services) ਦੇ ਕਰਮਚਾਰੀਆਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਵਿਕਟਮ ਸਰਵੀਸਿਸ (Victim Services) ਲੋਕਾਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਨੂੰ ਸਮਝਣ ਅਤੇ ਦੂਜੀਆਂ ਸੇਵਾਵਾਂ ਜਾਂ ਏਜੰਸੀਆਂ ਨਾਲ ਜੁੜਣ ਵਿੱਚ ਮਦਦ ਕਰਦੀਆਂ ਹਨ। ਮੁਫ਼ਤ ਸੇਵਾਵਾਂ ਵਿਅਕਤੀਗਤ ਤੌਰ ‘ਤੇ, ਫ਼ੋਨ, ਫੈਕਸ ਜਾਂ ਇੰਟਰਨੈਟ ਰਾਹੀਂ ਉਪਲਬਧ ਹਨ। ਭਾਵੇਂ ਤੁਸੀਂ ਅਜੇ ਤੱਕ ਪੁਲਿਸ ਕੋਲ ਨਹੀਂ ਗਏ, ਤੁਸੀਂ ਆਪਣੇ ਅਧਿਕਾਰਾਂ ਅਤੇ ਜਾਣਕਾਰੀ ਪ੍ਰਾਪਤ ਕਰਨ ਬਾਰੇ ਸਵਾਲ ਪੁੱਛਣ ਲਈ ਪੀੜਤਾਂ ਲਈ ਸੇਵਾਵਾਂ ਦੇ ਕਰਮਚਾਰੀ ਨਾਲ ਸੰਪਰਕ ਕਰ ਸਕਦੇ ਹੋ।

## ਵਿਕਟਮ ਸਰਵੀਸਿਸ ਦੇ ਕਰਮਚਾਰੀ ਮੇਰੀ ਮਦਦ ਕਿਵੇਂ ਕਰ ਸਕਦੇ ਹਨ?

ਜੇਕਰ ਤੁਹਾਡੇ ਕੋਲ ਪੁਲਿਸ ਜਾਂ ਅਪਰਾਧਕ ਨਿਆਂ ਪ੍ਰਣਾਲੀ ਨੂੰ ਸੂਚਨਾ ਦੇਣ ਬਾਰੇ ਸਵਾਲ ਹਨ, ਤਾਂ ਤੁਸੀਂ ਵਿਕਟਮ ਸਰਵੀਸਿਸ ਦੇ ਕਰਮਚਾਰੀ ਨਾਲ ਸੰਪਰਕ ਕਰ ਸਕਦੇ ਹੋ। ਉਹ ਤੁਹਾਨੂੰ ਜਾਣਕਾਰੀ ਦੇ ਸਕਦੇ ਹਨ, ਅਤੇ ਤੁਹਾਡੇ ਖੇਤਰ ਵਿੱਚ ਮਦਦ ਲਈ ਤੁਹਾਡੇ ਨਾਲ ਜੁੜ ਸਕਦੇ ਹਨ।

ਤੁਸੀਂ ਕਿਸੇ ਵਿਕਟਮ ਸਰਵੀਸਿਸ ਦੇ ਕਰਮਚਾਰੀ ਨਾਲ ਗੱਲ ਕਰ ਸਕਦੇ ਹੋ, ਭਾਵੇਂ ਪੁਲਿਸ ਨੇ ਤੁਹਾਡੇ 'ਤੇ ਪ੍ਰਹਾਰ ਕਰਨ ਵਾਲੇ ਵਿਅਕਤੀ ‘ਤੇ ਦੋਸ਼ ਨਾ ਲਗਾਇਆ ਹੋਵੇ।

ਜੇਕਰ ਪੁਲਿਸ ਕਿਸੇ ਸ਼ੱਕੀ ‘ਤੇ ਦੋਸ਼ ਲਗਾਉਂਦੀ ਹੈ, ਤਾਂ ਵਿਕਟਮ ਸਰਵੀਸਿਸ ਤੁਹਾਨੂੰ ਅਦਾਲਤੀ ਅਤੇ ਅਪਰਾਧਕ ਨਿਆਂ ਪ੍ਰਣਾਲੀ ਬਾਰੇ ਜਾਣਕਾਰੀ ਦੇ ਸਕਦੀਆਂ ਹਨ। ਉਹ ਅਦਾਲਤੀ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕਰ ਸਕਦੇ ਹਨ, ਤੁਹਾਡੀ ਤਰਫ਼ੋਂ ਨਿਆਂ ਅਧਿਕਾਰੀਆਂ ਨਾਲ ਕੰਮ ਕਰ ਸਕਦੇ ਹਨ ਅਤੇ ਤੁਹਾਡੇ ਨਾਲ ਅਦਾਲਤ ਵਿੱਚ ਜਾਣ ਦੇ ਯੋਗ ਹੋ ਸਕਦੇ ਹਨ। ਉਹ ਕਾਉਂਸਲਿੰਗ ਸੇਵਾਵਾਂ ਲੱਭਣ ਅਤੇ ਅਪਰਾਧ ਦੇ ਸ਼ਿਕਾਰ ਵੱਜੋਂ ਵਿੱਤੀ ਮੁਆਵਜ਼ੇ ਲਈ ਅਰਜ਼ੀ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਨ। ਜੇਕਰ ਸ਼ੱਕੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਹ ਤੁਹਾਨੂੰ ਪੀੜਤ ਪ੍ਰਭਾਵ ਬਿਆਨ (ਅਪਰਾਧਕ ਨਿਆਂ ਪ੍ਰਣਾਲੀ ਵਿੱਚ ਕਦਮ ਦੇਖੋ) ਨੂੰ ਤਿਆਰ ਕਰਨ ਵਿੱਚ ਮਦਦ ਕਰ ਸਕਦੇ ਹਨ। ਵਿਕਟਮ ਸਰਵੀਸਿਸ ਅਪਰਾਧੀ ਦੀ ਸਜ਼ਾ ਦੇ ਵੇਰਵਿਆਂ ਦੀ ਵਿਆਖਿਆ ਕਰਨ ਵਿੱਚ ਵੀ ਮਦਦ ਕਰ ਸਕਦੀ ਹੈ, ਅਤੇ ਸਮਝਾ ਸਕਦੇ ਹਨ ਕਿ ਸਜ਼ਾ ਪੂਰੀ ਹੋਣ‘ਤੇ ਕੀ ਹੋਵੇਗਾ (ਉਦਾਹਰਣ ਲਈ, ਜੇਲ੍ਹ ਤੋਂ ਰਿਹਾਅ ਹੋ ਜਾਣਾ; ਪਰਖ)। ਵਿਕਟਮ ਸਰਵੀਸਿਸ ਦੇ ਕਰਮਚਾਰੀ ਸੁਰੱਖਿਆ ਦੀ ਯੋਜਨਾਬੰਦੀ ਅਤੇ ਹਿਫਾਜਤ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ।

ਮੈਨੀਟੋਬਾ ਵਿੱਚ, *ਦੀ ਵਿਕਟਿਮਜ਼ ਬਿਲ ਆਫ਼ਰਾਈਟਜ਼ (The Victim's Bill of Rights)* ਨਾਮਕ ਇੱਕ ਕਾਨੂੰਨ, ਅਪਰਾਧ ਦੇ ਸ਼ਿਕਾਰ ਲੋਕਾਂ ਨੂੰ ਮੈਨੀਟੋਬਾ ਜਸਟਿਸ ਸਟਾਫ ਤੋਂ ਖਾਸ ਕਿਸਮ ਦੀ ਜਾਣਕਾਰੀ ਅਤੇ ਸਹਾਇਤਾ ਦੀ ਬੇਨਤੀ ਕਰਨ ਦਾ ਅਧਿਕਾਰ ਦਿੰਦਾ ਹੈ। ਵਧੇਰੇ ਜਾਣਕਾਰੀ ਲਈ, ਹੇਠਾਂ ਲਿੰਕ 'ਤੇ ਵੇਖੋ: https://www.gov.mb.ca/justice/victims/pubs/billofrights.pdf

## ਮੈਂ ਇੱਕ ਵਿਕਟਮ ਸਰਵੀਸਿਸ ਦੇ ਕਰਮਚਾਰੀ ਨੂੰ ਕਿਵੇਂ ਲੱਭ ਸਕਦਾ ਹਾਂ?

ਆਪਣੇ ਖੇਤਰ ਵਿੱਚ ਵਿਕਟਮ ਸਰਵੀਸਿਸ ਦੇ ਕਰਮਚਾਰੀ ਤੱਕ ਪਹੁੰਚਣ ਲਈ, ਟੋਲ ਫ੍ਰੀ 'ਤੇ ਕਾਲ ਕਰੋ: 1-866-4VICTIM (1-866-484-2846) ਜਾਂ ਹੇਠਾਂ ਦਿੱਤਾ ਲਿੰਕ ਵੇਖੋ: www.manitoba.ca/justice/victims/index.html।

## ਮੇਰੇ ਲਈ ਹੋਰ ਕਿਹੜੀ ਮਦਦ ਉਪਲਬਧ ਹੈ?

ਤੁਹਾਡੇ ਕੋਲ ਕਾਉਂਸਲਿੰਗ ਜਾਂ ਹੋਰ ਕਿਸਮ ਦੀਆਂ ਨਿਵਾਰਨ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇਸ ਗਾਈਡ ਦੇ ਕਾਉਂਸਲਿੰਗ, ਸਮਰਥਨ ਅਤੇ ਨਿਵਾਰਨ ਸਬੰਧੀ ਭਾਗ ਨੂੰ ਵੇਖੋ।

## ਕੀ ਮੈਨੂੰ ਕਾਉਂਸਲਿੰਗ ਲਈ ਭੁਗਤਾਨ ਕਰਨ ਵਿੱਚ ਮਦਦ ਮਿਲ ਸਕਦੀ ਹੈ?

ਹਾਂ। ਕੰਪਨਸੇਸ਼ਨ ਫ਼ਾਰ ਵਿਕਟਮਸ ਆਫ਼ ਕ੍ਰਾਈਮ ਪ੍ਰੋਗਰਾਮ (Compensation for Victims of Crime Program) ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਕੇ ਉਹਨਾਂ ਪੀੜਤਾਂ ਦੀ ਮਦਦ ਕਰਦਾ ਹੈ ਜੋ ਜਿਨਸੀ ਪ੍ਰਹਾਰ ਸਹਿਤ ਖਾਸ ਅਪਰਾਧਾਂ ਦੇ ਕਾਰਨ ਨਿੱਜੀ ਸੱਟ, ਮੁਸ਼ਕਿਲਾਂ ਜਾਂ ਖਰਚਿਆਂ ਦਾ ਸ਼ਿਕਾਰ ਹੁੰਦੇ ਹਨ।

ਲਾਭਾਂ ਲਈ ਬੇਨਤੀ ਕਰਨ ਲਈ, ਅਪਰਾਧ ਕਰਨ ਵਾਲੇ ਵਿਅਕਤੀ ਦੇ ਫੜੇ ਗਏ ਹੋਣ ਦੀ ਲੋੜ ਨਹੀਂ ਹੁੰਦੀ ਹੈ, ਪਰ ਪੁਲਿਸ ਨੂੰ ਸੂਚਨਾ ਦਿੱਤੀ ਜਾਣੀ ਜ਼ਰੂਰੀਹੈ। ਦਰਖਾਸਤ ਅਪਰਾਧ ਦੇ ਇੱਕ ਸਾਲ ਦੇ ਅੰਦਰ-ਅੰਦਰ ਦਿੱਤੀ ਜਾਣੀ ਚਾਹੀਦੀ ਹੈ, ਪਰ ਕੁਝ ਅਪਵਾਦ ਕੀਤੇ ਗਏ ਹਨ।

## ਮੈਂ ਪ੍ਰੋਗਰਾਮ ਰਾਹੀਂ ਭੁਗਤਾਨ ਲਈ ਅਰਜ਼ੀ ਕਿਵੇਂ ਦੇਵਾਂ?

ਵਿਨੀਪੈੱਗ ਵਿੱਚ ਕੰਪਨਸੇਸ਼ਨ ਫ਼ਾਰ ਵਿਕਟਮਸ ਆਫ਼ ਕ੍ਰਾਈਮ ਦੇ ਦਫ਼ਤਰ, ਜਾਂ ਆਪਣੇ ਖੇਤਰ ਦੇ ਵਿਕਟਮ ਸਰਵੀਸਿਸ ਦੇ ਦਫ਼ਤਰ ਨਾਲ ਸੰਪਰਕ ਕਰੋ:
ਫ਼ੋਨ: ਵਿਨੀਪੈੱਗ ਵਿੱਚ 204-945-0899
ਟੋਲ ਫ੍ਰੀ: 1-800-262-9344
ਹੇਠਾਂ ਦਿੱਤੇ ਲਿੰਕ 'ਤੇ ਆਨਲਾਈਨ ਫਾਰਮ ਹਨ:
http://www.gov.mb.ca/justice/victims/compensation.html

# ਅਪਰਾਧਕ ਨਿਆਂ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ

## *ਪੁਲਿਸ ਨੂੰ ਸੂਚਨਾ ਦੇਣਾ*

### ਕੀ ਮੈਨੂੰ ਪੁਲਿਸ ਨੂੰ ਸੂਚਨਾ ਦੇਣੀ ਪਵੇਗੀ?

ਤੁਹਾਡੇ ਨਾਲ ਜੋ ਹੋਇਆ, ਇਸ ਬਾਰੇ ਪੁਲਿਸ ਨੂੰ ਸੂਚਨਾ ਦੇਣ ਦੀ ਲੋੜ ਨਹੀਂ ਹੁੰਦੀ ਹੈ। ਜੇਕਰ ਤੁਸੀਂ ਪੁਲਿਸ ਨੂੰ ਸੂਚਨਾ ਦੇਣ ਦਾ ਫੈਸਲਾ ਕਰਦੇ ਹੋ, ਤਾਂ ਉਹ ਉਸ ਵਿਅਕਤੀ ਦਾ ਪਤਾ ਲਗਾਉਣ ਲਈ ਕਾਰਵਾਈਆਂ ਕਰ ਸਕਦੇ ਹਨ ਜਿਸ ਨੇ ਤੁਹਾਡੇ 'ਤੇ ਪ੍ਰਹਾਰ ਕੀਤਾ ਸੀ ਅਤੇ ਸੰਭਵ ਤੌਰ 'ਤੇ ਇੱਕ ਅਪਰਾਧ ਦਾ ਉਨ੍ਹਾਂ 'ਤੇ ਦੋਸ਼ ਲਗਾਇਆ ਜਾ ਸਕਦਾ ਹੈ। ਹਾਲਾਂਕਿ, ਸੂਚਨਾ ਦੇਣ ਦਾ ਫ਼ੈਸਲਾ ਤੁਹਾਡੇ 'ਤੇ ਹੁੰਦਾ ਹੈ। ਪੁਲਿਸ ਨਾਲ ਗੱਲ ਕਰਦੇ ਸਮੇਂ ਤੁਹਾਡੇ ਨਾਲ ਕੋਈ ਦੋਸਤ ਜਾਂ ਹੋਰ ਸਹਿਯੋਗੀ ਵਿਅਕਤੀ ਹੋ ਸਕਦਾ ਹੈ। ਇਸ ਵਿੱਚ ਕਲੀਨਿਕ ਕਮਿਊਨਿਟੀ ਹੈਲਥ ਸਰਵਿਸਿਸ (Klinic Community Health Services), ਕਾ ਨੀ ਕਾਨਿਚਿਕ (Ka Ni Kanichihk) ਜਾਂ ਸਰਵਾਈਵਰਜ਼ ਹੋਪ ਕਰਾਈਸਿਸ ਕੇਂਦਰ (Survivor's Hope Crisis Centre) (ਉੱਤਰ-ਪੂਰਬੀ ਮੈਨੀਟੋਬਾ) ਤੋਂ ਇੱਕ ਸਹਿਯੋਗੀ ਵਿਅਕਤੀ ਸ਼ਾਮਲ ਹੋ ਸਕਦਾ ਹੈ।

ਜੇਕਰ ਤੁਹਾਡੇ 'ਤੇ ਤੁਹਾਡੇ ਆਪਣੇ ਜਿਨਸੀ ਜਾਂ ਘਰੇਲੂ ਸਾਥੀ(ਪੁਰਾਣੇ ਜਾਂ ਮੌਜੂਦਾ) ਦੁਆਰਾ ਜਿਨਸੀ ਪ੍ਰਹਾਰ ਕੀਤਾ ਗਿਆ ਸੀ, ਅਤੇ ਤੁਸੀਂ ਪੁਲਿਸ ਨੂੰ ਪ੍ਰਹਾਰ ਦੀ ਸੂਚਨਾ ਦਿੰਦੇ ਹੋ, ਤਾਂ ਉਨ੍ਹਾਂ ਨੂੰ ਇਸ ਘਟਨਾ ਦੀ ਪੂਰੀ ਤਰ੍ਹਾਂ ਜਾਂਚ ਕਰਨ ਦੀ ਲੋੜ ਹੁੰਦੀਹੈ। ਜੇਕਰ ਪੁਲਿਸ ਇਹ ਫੈਸਲਾ ਕਰਦੀ ਹੈ ਕਿ ਕੋਈ ਅਪਰਾਧ ਕੀਤੇ ਜਾਣ ਦਾ ਸਬੂਤ ਮੌਜੂਦ ਹੈ, ਤਾਂ ਉਹ ਦੋਸ਼ ਲਾ ਸਕਦੇ ਹਨ। ਉਦਾਹਰਣ ਲਈ, ਜੇਕਰ ਤੁਸੀਂ ਮਰਦ ਸਾਥੀ ਜਾਂ ਪਤੀ ਦੁਆਰਾ ਕਿਸੇ ਜਿਨਸੀ ਪ੍ਰਹਾਰ ਦੀ ਸੂਚਨਾ ਦਿੰਦੇ ਹੋ, ਤਾਂ ਪੁਲਿਸ ਨੂੰ ਜਾਂਚ ਕਰਨ ਦੀ ਜ਼ਰੂਰਤ ਹੁੰਦੀ ਹੈ, ਭਾਵੇਂ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ ਅਤੇ ਇਹ ਫੈਸਲਾ ਕਰਦੇ ਹੋ ਕਿ ਤੁਸੀਂ ਅੱਗੇ ਨਹੀਂ ਵਧਣਾ ਚਾਹੁੰਦੇ ਹੋ। ਜੇਕਰ ਤੁਸੀਂ ਜਿਨਸੀ ਪ੍ਰਹਾਰ ਦੇ ਸਮੇਂ 16 ਸਾਲਾਂ ਤੋਂ ਘੱਟ ਉਮਰ ਦੇ ਸੀ, ਤਾਂ ਵੀ ਪੁਲਿਸ ਨੂੰ ਜਾਂਚ ਕਰਨ ਦੀ ਲੋੜ ਹੋ ਸਕਦੀ ਹੈ (ਕੁਝ ਹੱਦ ਤੱਕ ਤੁਹਾਡੀ ਉਮਰ ਦੇ ਆਧਾਰ ਤੇ, ਅਤੇ ਦੂਜੇ ਵਿਅਕਤੀ ਦੀ ਉਮਰ ਦੇ ਅਧਾਰ 'ਤੇ)। ਜੇਕਰ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਜਿਸ ਵਿਅਕਤੀ ਨੂੰ ਤੁਸੀਂ ਪ੍ਰਹਾਰ ਦੀ ਸੂਚਨਾ ਦਿੱਤੀ ਸੀ, ਉਸ ਨੂੰ ਚਾਈਲਡ ਐਂਡ ਫੈਮਲੀ ਸਰਵੀਸਿਸ (Child and Family Services) ਨੂੰ ਸੂਚਨਾ ਦੇਣ ਬਾਰੇ ਕਾਲ ਕਰਨੀ ਚਾਹੀਦੀ ਹੈ ਕਿ ਕੀ ਹੋਇਆ ਸੀ।

### ਕੀ ਮੈਂ ਪੁਲਿਸ ਨੂੰ ਸੂਚਨਾ ਦਿੱਤੇ ਬਿਨਾਂ ਡਾਕਟਰੀ ਮਦਦ ਪ੍ਰਾਪਤ ਕਰ ਸਕਦਾ ਹਾਂ?

ਹਾਂ। ਜਿਨਸੀ ਸ਼ੋਸ਼ਣ ਦੀ ਜਾਂਚ ਕਰਾਉਣ ਦੀ ਚੋਣ ਕਰਨਾ ਅਤੇ ਪੁਲਿਸ ਨੂੰ ਜਿਨਸੀ ਪ੍ਰਹਾਰ ਦੀ ਸੂਚਨਾ ਦੇਣਾ, ਦੋ ਵੱਖ-ਵੱਖ ਪ੍ਰਕਿਰਿਆਵਾਂ ਹਨ। ਇੱਕ ਬਾਲਗ (18 ਸਾਲ ਤੋਂ ਵੱਧ) ਹੋਣ ਦੇ ਨਾਤੇ, ਤੁਸੀਂ ਪੁਲਿਸ ਨੂੰ ਸੂਚਨਾ ਦਿੱਤੇ ਬਿਨਾਂ ਗੁਪਤ, ਡਾਕਟਰੀ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਵੀ ਤੁਸੀਂ ਪੁਲਿਸ ਨੂੰ ਸੂਚਨਾ ਦਿੱਤੇ ਬਗੈਰ ਗੁਪਤ ਡਾਕਟਰੀ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਤੁਹਾਡੀ ਉਮਰ ਅਤੇ ਤੁਹਾਡੇ 'ਤੇ ਜਿਨਸੀ ਪ੍ਰਹਾਰ ਕਰਨ ਵਾਲੇ ਵਿਅਕਤੀ ਦੀ ਉਮਰ ਦੇ ਅਧਾਰ' ਤੇ, ਚਾਈਲਡ ਐਂਡ ਫੈਮਲੀ ਸਰਵੀਸਿਸ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਜੇਕਰ ਕੋਈ (ਉਦਾਹਰਣ ਲਈ, ਨਰਸ ਜਾਂ ਸਿਹਤ ਪੇਸ਼ੇਵਰ) ਜਾਣਦਾ ਹੈ ਕਿ ਕਿਸੇ ਜਿਨਸੀ ਪ੍ਰਹਾਰ ਵਿੱਚ 18 ਸਾਲ ਦੀ ਉਮਰ ਤੋਂ ਘੱਟ ਉਮਰ ਦਾ ਕੋਈ ਬੱਚਾ ਸ਼ਾਮਲ ਹੈ, ਫਿਰ, ਕਾਨੂੰਨ ਦੁਆਰਾ, ਉਹਨਾਂ ਨੂੰ ਚਾਈਲਡ ਐਂਡ ਫੈਮਲੀ ਸਰਵੀਸਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜਦੋਂ ਤੁਸੀਂ ਕਿਸੇ ਜਿਨਸੀ ਪ੍ਰਹਾਰ ਤੋਂ ਬਾਅਦ ਡਾਕਟਰੀ ਸਹਾਇਤਾ ਪ੍ਰਾਪਤ ਕਰਦੇ ਹੋ, ਤਾਂ ਤੁਹਾਡੀਆਂ ਸੱਟਾਂ ਲਈ ਜਾਂਚ ਕੀਤੀ ਜਾਵੇਗੀ, ਜਿਨਸੀ ਸੰਕਰਮਣ ਵਾਲੀਆਂ ਲਾਗਾਂ ਦੀ ਜਾਂਚ ਕਰਨ ਲਈ ਟੈਸਟ ਕੀਤੇ ਜਾਣਗੇ, ਅਣਚਾਹੀ ਗਰਭ ਅਵਸਥਾ ਅਤੇ ਗ਼ੈਰਕਾਨੂੰਨੀ ਜਾਂ ਬੇਹੋਸ਼ੀ ਲਿਆਉਣ ਵਾਲੀਆਂ ਦਵਾਈਆਂ ਦਾ ਪਤਾ ਲਗਾਇਆ ਜਾਵੇਗਾ। ਤੁਸੀਂ ਸਬੂਤ ਇਕੱਠੇ ਕਰਨ ਦੀ ਵੀ ਚੋਣ ਕਰ ਸਕਦੇ ਹੋ ਜੋ ਪੁਲਿਸ ਜਾਂਚ ਵਿੱਚ ਮਦਦ ਕਰ ਸਕਦੇ ਹਨ।

ਕਿਰਪਾ ਕਰਕੇ ਧਿਆਨ ਦਿਓ ਕਿ ਵਿਨੀਪੈੱਗ ਦੇ ਬਾਹਰ ਜ਼ਿਆਦਾਤਰ ਥਾਵਾਂ ਤੇ, ਜੇਕਰ ਤੁਸੀਂ ਸਬੂਤ ਇਕੱਠਾ ਕਰਨ ਲਈ ਜਿਨਸੀ ਪ੍ਰਹਾਰ ਦੀ ਜਾਂਚ ਕਰਾਉਣਾ ਚਾਹੁੰਦੇ ਹੋ, ਤਾਂ ਜਾਂਚ ਕਰਨ ਲਈ ਆਰਸੀਐਮਪੀ (RCMP) ਡਾਕਟਰ ਜਾਂ ਨਰਸ ਜਾਂਚ ਦੀਆਂ ਸਮੱਗਰੀਆਂ ਨੂੰ ਹਸਪਤਾਲ ਵਿੱਚ ਲਿਆਉਂਦਾ ਹੈ। ਇਹ ਪ੍ਰਕਿਰਿਆ ਵਿਨੀਪੈੱਗ ਵਿੱਚ ਹੈਲਥ ਸਾਈਨਸਿਸ ਸੈਂਟਰ (Health Sciences Centre) ਵਿੱਚ ਵੱਖਰੀ ਹੈ (ਕਿਰਪਾ ਕਰਕੇ ਹੇਠਾਂ ਵੇਖੋ)।

## ਸਿਹਤ ਦੇਖਭਾਲ ਤੋਂ ਕੀ ਆਸ ਕੀਤੀ ਜਾਵੇ?

***ਵਿਨੀਪੈੱਗ ਵਿੱਚ:***

ਤੁਸੀਂ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਲਈ ਕਿਸੇ ਵੀ ਆਪਾਤਕਾਲੀਨ ਵਿਭਾਗ ਜਾਂ ਜ਼ਰੂਰੀ ਦੇਖਭਾਲ ਕੇਂਦਰ ਦਾ ਦੌਰਾ ਕਰ ਸਕਦੇ ਹੋ। ਹੈਲਥ ਸਾਈਨਸਿਸ ਸੈਂਟਰ ਵਿੱਚ ਜਿਨਸੀ ਪ੍ਰਹਾਰ ਲਈ ਨਰਸ ਜਾਂਚਕਰਤਾਵਾਂ ਹੁੰਦੀਆਂ ਹਨ ਜਿਨ੍ਹਾਂ ਨਾਲ ਸਲਾਹ ਮਸ਼ਵਰਾ ਕੀਤਾ ਜਾ ਸਕਦਾ ਹੈ।

ਹੈਲਥ ਸਾਈਨਸਿਸ ਸੈਂਟਰ ਜਿਨਸੀ ਪ੍ਰਹਾਰ ਪ੍ਰੋਗਰਾਮ ਦੇ ਸਟਾਫ ਵਿੱਚ ਨਰਸਾਂ ਦੀ ਇੱਕ ਟੀਮ ਸ਼ਾਮਲ ਹੁੰਦੀ ਹੈ, ਜਿਨ੍ਹਾਂ ਨੂੰ ਖਾਸ ਤੌਰ 'ਤੇ ਉਹਨਾਂ ਮਰੀਜ਼ਾਂ ਨੂੰ ਦੇਖਭਾਲ ਪ੍ਰਦਾਨ ਕਰਨ ਲਈ ਸਿਖਲਾਈ ਦਿੱਤੀ ਗਈ ਹੈ ਜਿਨ੍ਹਾਂ ਨੇ ਜਿਨਸੀ ਪ੍ਰਹਾਰ ਦਾ ਅਨੁਭਵ ਕੀਤਾ ਹੈ। ਸਾਰੇ ਜਿਨਸੀ ਪ੍ਰਹਾਰ ਦੇ ਮਰੀਜ਼ਾਂ ਨੂੰ ਹੈਲਥ ਸਾਈਨਸਿਸ ਸੈਂਟਰ (HSC) ਦੇ ਆਪਾਤਕਾਲੀਨ ਵਿਭਾਗਾਂ ਰਾਹੀਂ ਦਾਖਲ ਕੀਤਾ ਜਾਂਦਾ ਹੈ। ਸੈਕਸ਼ੁਅਲ ਐਸਾਲਟ ਨਰਸ ਪ੍ਰੀਖਿਅਕ (Sexual Assault Nurse Examiner) (SANE) ਦਾ ਟੀਚਾ ਮੈਡੀਕਲ ਦੇਖਭਾਲ ਅਤੇ/ਜਾਂ ਪੁਲਿਸ ਰਿਪੋਰਟਿੰਗ ਬਾਰੇ ਵਿਕਲਪ ਅਤੇ ਚੋਣਾਂ ਪ੍ਰਦਾਨ ਕਰਨਾ, ਲਾਗ ਅਤੇ ਗਰਭ ਅਵਸਥਾ ਨੂੰ ਰੋਕਣ ਲਈ ਦਵਾਈਆਂ ਪ੍ਰਦਾਨ ਕਰਨਾ, ਅਤੇ ਮਰੀਜ਼ਾਂ ਨੂੰ ਕਾਉਂਸਲਿੰਗ ਬਾਰੇ ਸੇਵਾਵਾਂ ਨਾਲ ਜੋੜਣਾ ਹੁੰਦਾ ਹੈ ਤਾਂ ਜੋ ਉਹਨਾਂ ਕੋਲ ਕਮਿਊਨਿਟੀ ਵਿੱਚ ਵਾਪਸ ਜਾਣ ਲਈ ਢੁਕਵੀਂ ਸਹਾਇਤਾ ਹੋਵੇ।

ਜਦੋਂ ਤੁਸੀਂ ਹੈਲਥ ਸਾਈਨਸਿਸ ਸੈਂਟਰ ਵਿਖੇ ਆਪਾਤਕਾਲੀਨ ਵਿਭਾਗ ਨੂੰ ਸੂਚਨਾ ਦਿੰਦੇ ਹੋ, ਤਾਂ ਤੁਸੀਂ ਟਰੀਏਜ ਡੈਸਕ ਵਿਖੇ ਜਾਓਗੇ ਅਤੇ ਤੁਹਾਨੂੰ ਪੁੱਛਿਆ ਜਾਵੇਗਾ ਕਿ ਤੁਸੀਂ ਹਸਪਤਾਲ ਕਿਉਂ ਆਏ ਹੋ। ਇਸ ਸਮੇਂ, ਤੁਹਾਨੂੰ ਪੁੱਛਿਆ ਜਾ ਸਕਦਾ ਹੈ ਕਿ ਕੀ ਤੁਸੀਂ ਇੱਕ SANE ਨਰਸ ਨੂੰ ਮਿਲਣਾ ਚਾਹੁੰਦੇ ਹੋ। ਉਹ ਇਹ ਵੀ ਪੁੱਛਣਗੇ ਕਿ ਕੀ ਤੁਸੀਂ ਕਲੀਨਿਕ ਸੈਕਸ਼ੁਅਲ ਐਸਾਲਟ ਪ੍ਰੋਗਰਾਮ (Sexual Assault Program) ਤੋਂ ਇੱਕ ਸਿਖਲਾਈ ਪ੍ਰਾਪਤ ਸਵੈਸੇਵਕ ਨੂੰ ਤੁਹਾਡੇ ਨਾਲ ਰਹਿਣ ਲਈ ਹਸਪਤਾਲ ਲਿਆਉਣਾ ਚਾਹੁੰਦੇ ਹੋ। ਇਹ ਵਿਅਕਤੀ ਤੁਹਾਡੇ ਪ੍ਰਸ਼ਨਾਂ ਦੇ ਉੱਤਰ ਦੇਣ, ਤੁਹਾਡੀ ਸਹਾਇਤਾ ਕਰਨ ਅਤੇ ਤੁਹਾਡੇ ਵਿਕਲਪਾਂ ਦੀ ਵਿਆਖਿਆ ਕਰਨ ਵਿੱਚ ਮਦਦ ਕਰ ਸਕਦਾ ਹੈ। ਉਹ ਡਾਕਟਰੀ ਜਾਂਚ ਲਈ ਅਤੇ ਤੁਹਾਡੇ ਪੁਲਿਸ ਨਾਲ ਗੱਲ ਕਰਦੇ ਸਮੇਂ ਤੁਹਾਡੇ ਨਾਲ ਰਹਿ ਵੀ ਸਕਦੇ ਹਨ। ਤੁਸੀਂ ਹਸਪਤਾਲ ਵਿੱਚ ਆਪਣੇ ਨਾਲ ਇਕ ਸਹਿਯੋਗੀ ਵਿਅਕਤੀ (ਦੋਸਤ ਜਾਂ ਪਰਿਵਾਰ) ਵੀ ਲਿਆ ਸਕਦੇ ਹੋ।

SANE ਨਰਸ ਤੋਂ ਤੁਹਾਨੂੰ ਸਭ ਤੋਂ ਵਧੀਆ ਡਾਕਟਰੀ ਦੇਖਭਾਲ ਦਾ ਫੈਸਲਾ ਕਰਨ ਵਿੱਚ ਮਦਦ ਮਿਲੇਗੀ। ਜੇ ਤੁਸੀਂ ਪੁਲਿਸ ਨੂੰ ਪ੍ਰਹਾਰ ਦੀ ਸੂਚਨਾ ਦੇਣ ਦਾ ਫੈਸਲਾ ਕਰਦੇ ਹੋ, ਤਾਂ ਨਰਸ ਤੋਂ ਤੁਹਾਨੂੰ ਪੁਲਿਸ ਨਾਲ

ਸੰਪਰਕ ਕਰਨ ਵਿੱਚ ਵੀ ਮਦਦ ਮਿਲੇਗੀ। ਸਧਾਰਨ ਕੱਪੜਿਆ ਵਿੱਚ ਇੱਕ ਅਧਿਕਾਰੀ ਜਾਂ ਤਾਂ ਤੁਹਾਡੇ ਨਾਲ ਗੱਲ ਕਰਨ ਲਈ ਹਸਪਤਾਲ ਆ ਸਕਦਾ ਹੈ, ਜਾਂ 24 ਘੰਟਿਆਂ ਦੇ ਅੰਦਰ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।

ਹੈਲਥ ਸਾਈਨਸਿਸ ਸੈਂਟਰ ਜਿਨਸੀ ਪ੍ਰਹਾਰ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ, ਨਿਮਨਲਿਖਿਤ ਲਿੰਕ ਵੇਖੋ http://www.hsc.mb.ca/emergencyNurseExam.html।

***ਵਿਨੀਪੈੱਗ ਦੇ ਬਾਹਰ:***

ਆਪਣੇ ਨਜ਼ਦੀਕੀ ਆਪਾਤਕਾਲੀਨ ਵਿਭਾਗ, ਕਲੀਨਿਕ ਜਾਂ ਨਰਸਿੰਗ ਸਟੇਸ਼ਨ 'ਤੇ ਜਾਓ। ਆਪਣੇ ਖੇਤਰ ਵਿੱਚ ਸਿਹਤ ਦੇਖਭਾਲ ਸੇਵਾਵਾਂ ਦੀ ਸੂਚੀ ਲਈ ਕਿਰਪਾ ਕਰਕੇ https://www.gov.mb.ca/health/publichealth/offices.html 'ਤੇ ਜਾਓ। ਕੁਝ ਮਾਮਲਿਆਂ ਵਿੱਚ, ਜੇਕਰ ਤੁਸੀਂ ਵਿਨੀਪੈੱਗ ਤੋਂ ਬਾਹਰ ਰਹਿੰਦੇ ਹੋ, ਤਾਂ ਤੁਹਾਨੂੰ SANE ਨਰਸ ਨੂੰ ਮਿਲਣ ਲਈ ਤੁਹਾਡੇ ਸਥਾਨਕ ਹੈਲਥ ਕੇਅਰ ਸੈਂਟਰ ਤੋਂ ਹੈਲਥ ਸਾਈਨਸਿਸ ਸੈਂਟਰ ਨੂੰ ਭੇਜਿਆ ਜਾ ਸਕਦਾ ਹੈ।

ਕਿਸੇ ਵਾਪਰੀ ਘਟਨਾ ਬਾਰੇ ਜੇਕਰ ਤੁਸੀਂ ਸੂਚਨਾ ਦੇਣਾ ਚਾਹੁੰਦੇ ਹੋ ਤਾਂ ਸਟਾਫ਼ ਸਥਾਨਕ ਪੁਲਿਸ ਸਟੇਸ਼ਨ ਜਾਂ ਆਰਸੀਐਮਪੀ ਨਾਲ ਸੰਪਰਕ ਕਰੇਗਾ।

ਉੱਤਰ-ਪੂਰਬੀ ਮੈਨੀਟੋਬਾ ਵਿੱਚ, ਸਰਵਾਈਵਰਸ ਹੋਪ ਕ੍ਰਾਈਸਿਸ ਸੈਂਟਰ (Survivor's Hope Crisis Centre [SARAH ਪ੍ਰੋਗਰਾਮ]) ਜਿਨਸੀ ਪ੍ਰਹਾਰ ਦੇ ਪੀੜਤਾਂ ਦੀ ਮਦਦ ਕਰਦਾ ਹੈ। ਹਸਪਤਾਲ ਜਾਂ ਆਰਸੀਐਮਪੀ ਦਾ ਸਟਾਫ ਤੁਹਾਡੀ ਮਦਦ ਕਰਨ ਲਈ SARAH ਪ੍ਰੋਗਰਾਮ ਦੇ ਕਰਮਚਾਰੀਆਂ ਨੂੰ ਕਾਲ ਕਰ ਸਕਦਾ ਹੈ। ਉਹ ਜਾਣਕਾਰੀ, ਸਹਾਇਤਾ ਪ੍ਰਦਾਨ ਕਰ ਸਕਦੇ ਹਨ (ਉਦਾਹਰਣ ਲਈ, ਹਸਪਤਾਲ ਜਾਂ ਇੱਕ ਪੁਲਿਸ ਰਿਪੋਰਟ ਕਰਨ ਲਈ ਤੁਹਾਡੇ ਨਾਲ ਜਾ ਸਕਦੇ ਹਨ), ਅਤੇ ਤੁਹਾਨੂੰ ਸਥਾਨਕ ਸਰੋਤਾਂ ਕੋਲ ਭੇਜਣ ਵਿੱਚ ਮਦਦ ਕਰ ਸਕਦੇ ਹਨ। ਤੁਸੀਂ ਸੇਲਕਿਰਕ ਜਨਰਲ ਹਸਪਤਾਲ (Selkirk General Hospital), ਪਿਨਾਵਾ ਹਸਪਤਾਲ (Pinawa Hospital), ਪਾਈਨ ਫਾਲਜ਼ ਹੈਲਥ ਕੰਪਲੈਕਸ (Pine Falls Health Complex) ਅਤੇ ਬੇਉਸੇਜ਼ਰ ਡਿਸਟ੍ਰਿਕਟ ਹਸਪਤਾਲ (Beausejour District Hospital) ਦੁਆਰਾ SARAH ਨਾਲ ਦਿਨ ਦੇ 24 ਘੰਟੇ ਅਤੇ ਹਫਤੇ ਦੇ ਸੱਤੋਂ ਦਿਨ ਗੱਲ ਕਰ ਸਕਦੇ ਹੋ। SARAH ਪ੍ਰੋਗਰਾਮ ਦੇ ਸਟਾਫ਼ ਨਾਲ ਹੇਠ ਦਿੱਤੇ ਨੰਬਰ'ਤੇ ਸੰਪਰਕ ਕੀਤਾ ਜਾ ਸਕਦਾ ਹੈ: 1-204-753-5353 'ਤੇ ਨਿਯਮਿਤ ਕੰਮ-ਕਾਜੀ ਘੰਟਿਆਂ ਦੌਰਾਨ।

## ਮੈਂ ਪੁਲਿਸ ਨੂੰ ਸੂਚਿਤ ਕਿਵੇਂ ਕਰਾਂ?

ਉੱਪਰ ਦੱਸੇ ਗਏ ਅਨੁਸਾਰ ਪੁਲਿਸ ਨਾਲ ਸੰਪਰਕ ਕਰਨ ਵਿੱਚ ਸਿਹਤ ਦੇਖਭਾਲ ਸੁਵਿਧਾਵਾਂ ਤੁਹਾਡੀ ਮਦਦ ਕਰ ਸਕਦੀਆਂ ਹਨ। ਤੁਸੀਂ ਕਿਸੇ ਜਿਨਸੀ ਪ੍ਰਹਾਰ ਦੀ ਸੂਚਨਾ ਪੁਲਿਸ ਨੂੰ ਸਿੱਧੇ ਵੀ ਦੇ ਸਕਦੇ ਹੋ:

**1. ਪੁਲਿਸ ਨੂੰ ਫ਼ੋਨ ਕਰੋ।**

- ਸੰਕਟਕਾਲੀਨ ਮਦਦ ਲਈ, 911 'ਤੇ ਕਾਲ ਕਰੋ। ਗੈਰ-ਸੰਕਟਕਾਲੀਨ ਮਾਮਲਿਆਂ ਵਿੱਚ 204-986-6222 (ਵਿਨੀਪੈੱਗ ਵਿੱਚ) 'ਤੇ ਕਾਲ ਕਰੋ। ਸਲਾਹ ਜਾਂ ਜਾਣਕਾਰੀ ਲਈ, ਤੁਸੀਂ ਵਿਨੀਪੈੱਗ ਪੁਲਿਸ ਸਰਵੀਸਿਸ ਦੀ ਸੈਕਸ ਕ੍ਰਾਈਮ ਯੂਨਿਟ ਨਾਲ 204-986-6245 'ਤੇ ਸਿੱਧਾ ਸੰਪਰਕ ਕਰ ਸਕਦੇ ਹੋ।
- ਵਿਨੀਪੈੱਗ ਤੋਂ ਬਾਹਰ, ਕਿਸੇ ਵੀ ਐਮਰਜੈਂਸੀ ਵਿੱਚ 911 'ਤੇ ਜਾਂ ਗੈਰ-ਐਮਰਜੈਂਸੀ ਲਈ ਆਪਣੀ ਸਥਾਨਕ ਪੁਲਿਸ ਸੇਵਾ ਜਾਂ ਆਰਸੀਐਮਪੀ ਡੀਟੈਚਮੈਂਟ ਨੂੰ http://www.rcmp-grc.gc.ca/detach/en/find/MB 'ਤੇ ਕਾਲ ਕਰੋ।

**2. ਪੁਲਿਸ ਸਟੇਸ਼ਨ ਵਿਖੇ ਜਾਓ।**

ਤੁਸੀਂ ਕਿਸੇ ਪੁਲਿਸ ਸਟੇਸ਼ਨ, ਕਮਿਊਨਿਟੀ ਸਟੇਸ਼ਨ ਜਾਂ ਆਰਸੀਐਮਪੀ ਡੀਟੈਚਮੈਂਟ ‘ਤੇ ਜਾ ਕੇ ਵੀ ਕਿਸੇ ਜਿਨਸੀ ਪ੍ਰਹਾਰ ਦੀ ਸੂਚਨਾ ਕਰ ਸਕਦੇ ਹੋ।

## ਪੁਲਿਸ ਰਿਪੋਰਟ ਕਰਨ ਲਈ ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?

ਤੁਹਾਡੇ ਨਾਲ ਹੋਈ ਘਟਨਾ ਲਈ, ਜੇਕਰ ਤੁਸੀਂ ਪੁਲਿਸ ਨੂੰ ਇੱਕ ਬਿਆਨ ਦਿੰਦੇ ਹੋ, ਤਾਂ ਇਹ ਸੰਭਾਵਿਤ ਤੌਰ 'ਤੇ ਵੀਡੀਓ ‘ਤੇ ਰਿਕਾਰਡ ਕੀਤਾ ਜਾਵੇਗਾ (ਜਾਂ ਆਵਾਜ਼ ਰਿਕਾਰਡਿੰਗ ਕੀਤੀ ਜਾਵੇਗੀ, ਜੇਕਰ ਵੀਡੀਓ ਉਪਲਬਧ ਨਹੀਂ ਹੈ)। ਪੁਲਿਸ ਉਹਨਾਂ ਦੀ ਲੋੜ ਅਨੁਸਾਰ ਸਬੂਤ ਇਕੱਠੇ ਕਰੇਗੀ, ਜਿਵੇਂ ਕਿ ਕੱਪੜੇ ਜੋ ਤੁਸੀਂ ਘਟਨਾ ਦੇ ਸਮੇਂ ਪਾਏ ਹੋਏ ਸਨ, ਡਾਕਟਰ ਦੀ ਰਿਪੋਰਟ ਅਤੇ ਤੁਹਾਡੀਆਂ ਸੱਟਾਂ ਦੀਆਂ ਫੋਟੋਆਂ ਲਏਗੀ।

ਪੁਲਿਸ ਨੂੰ ਉਹ ਹਰ ਚੀਜ਼ ਦੱਸਣਾ ਮਹੱਤਵਪੂਰਨ ਹੁੰਦਾ ਹੈ ਜੋ ਤੁਹਾਨੂੰ ਪ੍ਰਹਾਰ ਬਾਰੇ ਯਾਦ ਹੈ – ਹਰ ਇੱਕ ਛੋਟੀ ਤੋਂ ਛੋਟੀ ਚੀਜ਼ ਭਾਵੇਂ ਤੁਹਾਨੂੰ ਓਹ ਮਹੱਤਵਪੂਰਨ ਨਾ ਵੀ ਲਗਦੀ ਹੋਵੇ। ਆਪਣਾ ਬਿਆਨ ਦੇਣ ਤੋਂ ਬਾਅਦ ਪੁਲਿਸ ਤੁਹਾਨੂੰ ਇੱਕ ਘਟਨਾ ਕਾਰਡ ਦੇਵੇਗੀ। ਜੇਕਰ ਪੁਲਿਸ ਦਾ ਮੰਨਣਾ ਹੈ ਕਿ ਕਾਫ਼ੀ ਸਬੂਤ ਉਪਲਬਧ ਹਨ, ਤਾਂ ਉਹ ਉਸ ਵਿਅਕਤੀ ਦੇ ਖਿਲਾਫ ਦੋਸ਼ ਲਗਾ ਸਕਦੇ ਹਨ ਜਿਸ ਨੇ ਤੁਹਾਡੇ ‘ਤੇ ਜਿਨਸੀ ਪ੍ਰਹਾਰ ਕੀਤਾ ਹੈ। ਜ਼ਰੂਰੀ: ਜੇਕਰ ਦੋਸ਼ ਨਹੀਂ ਲਾਏ ਜਾਂਦੇ ਹਨ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਪੁਲਿਸ ਨੂੰ ਤੁਹਾਡੇ 'ਤੇ ਵਿਸ਼ਵਾਸ ਨਹੀਂ ਹੈ ਜਾਂ ਇਹ ਕਿ ਜਿਨਸੀ ਪ੍ਰਹਾਰ ਨਹੀਂ ਹੋਇਆ ਹੈ। ਇਸਦਾ ਮਤਲਬ ਇਹ ਹੈ ਕਿ ਅਦਾਲਤ ਵਿੱਚ ਇੱਕ ਅਪਰਾਧਕ ਦੋਸ਼ ਸਾਬਤ ਕਰਨ ਲਈ ਸਬੂਤ ਕਾਫ਼ੀ ਨਹੀਂ ਹਨ। ਤੁਸੀਂ ਇਹ ਪਤਾ ਲਗਾਉਣ ਲਈ ਪੁਲਿਸ ਨਾਲ ਸੰਪਰਕ ਕਰ ਸਕਦੇ ਹੋ ਕਿ ਉਹਨਾਂ ਨੇ ਦੋਸ਼ ਲਗਾਉਣ ਬਾਰੇ ਕੀ ਫ਼ੈਸਲਾ ਕੀਤਾ ਹੈ।

## ਇੱਕ ਪੁਲਿਸ ਇੰਟਰਵਿਊ ਵਿੱਚ ਮੇਰੇ ਕੀ ਅਧਿਕਾਰ ਹਨ?

ਜਦੋਂ ਤੁਸੀਂ ਪੁਲਿਸ ਨਾਲ ਗੱਲ ਕਰਦੇ ਹੋ, ਤਾਂ ਤੁਸੀਂ ਇਹ ਕਰ ਸਕਦੇ ਹੋ:

- ਸ਼ਿਸ਼ਟਾਚਾਰ, ਹਮਦਰਦੀ ਅਤੇ ਸਤਿਕਾਰ ਨਾਲ ਵਿਹਾਰ ਕੀਤੇ ਜਾਣ ਦੀ ਆਸ ਰੱਖ ਸਕਦੇ ਹੋ
- ਇਹ ਪੁੱਛ ਸਕਦੇ ਹੋ ਕਿ ਤੁਹਾਡੇ ਬਿਆਨ ਲੈ ਰਿਹਾ ਪੁਲਿਸ ਅਧਿਕਾਰੀ ਤੁਹਾਡੇ ਸਮਾਨ ਲਿੰਗ ਦਾ ਹੋਵੇ, ਹਾਲਾਂਕਿ, ਉਪਲੱਬਧ ਅਫਸਰਾਂ ਦੀ ਗਿਣਤੀ ਦੇ ਆਧਾਰ ਤੇ, ਖਾਸ ਕਰਕੇ ਛੋਟੇ ਜਾਂ ਦੂਰ-ਦਰਾਜ ਦੀਆਂ ਕਮਿਊਨਿਟੀਆਂ ਵਿੱਚ ਸ਼ਾਇਦ ਇਹ ਸੰਭਵ ਨਾ ਹੋਵੇ
- ਗੱਲ ਬਾਤ ਇੱਕ ਨਿੱਜੀ ਥਾਂ ਤੇ ਹੋਵੇ
- ਅਧਿਕਾਰੀ ਨੂੰ ਕਿਸੇ ਵੀ ਪ੍ਰਸ਼ਨ ਨੂੰ ਦੁਹਰਾਉਣ ਜਾਂ ਵਿਆਖਿਆ ਕਰਨ ਲਈ ਜਾਂ ਕਿਸੇ ਵੀ ਪ੍ਰਸ਼ਨ ਦਾ ਕਾਰਨ ਪੁੱਛ ਸਕਦੇ ਹੋ

- ਜੇਕਰ ਲੋੜ ਹੋਵੇ, ਤਾਂ ਸਵਾਲਾਂ ਵਿਚਕਾਰ ਇੱਕ ਬ੍ਰੇਕ ਲੈ ਸਕਦੇ ਹੋ
- ਜੇਕਰ ਤੁਹਾਡੀ ਪਹਿਲੀ ਭਾਸ਼ਾ ਅੰਗਰੇਜ਼ੀ ਜਾਂ ਫ੍ਰੈਂਚ ਨਹੀਂ ਹੈ, ਤਾਂ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ
- ਜੇਕਰ ਤੁਹਾਨੂੰ ਕੋਈ ਅਪਾਹਜਤਾ ਹੈ, ਤਾਂ ਸੰਚਾਰ ਅਤੇ/ਜਾਂ ਆਵਾਜਾਈ ਸਬੰਧੀ ਮਦਦ ਪ੍ਰਾਪਤ ਕਰ ਸਕਦੇ ਹੋ
- ਕਿਸੇ ਨੂੰ ਆਪਣੇ ਨਾਲ ਪੁਲਿਸ ਸਟੇਸ਼ਨ ਵਿੱਚ ਲੈ ਜਾ ਸਕਦੇ ਹੋ (ਉਦਾਹਰਣ ਲਈ, ਦੋਸਤ, ਰਿਸ਼ਤੇਦਾਰ ਜਾਂ ਕਾਉਂਸਲਰ)
- ਤੁਹਾਡੇ ਕੋਲ ਤੁਹਾਡੇ ਨਾਲ ਰਹਿਣ ਲਈ ਕਲੀਨਿਕ (Klinic), ਕਾ ਨੀ ਕਨੀਚਿਕ (Ka Ni Kanichihk) ਜਾਂ ਸਰਵਾਈਵਰਸ ਹੋਪ (Survivor's Hope) (ਉੱਤਰ-ਪੂਰਬੀ ਮੈਨੀਟੋਬਾ) ਤੋਂ ਇਕ ਸਵੈ-ਸੇਵਕ ਹੋ ਸਕਦਾ ਹੈ

ਤੁਹਾਡੇ ਕੋਲ ਕਿਸੇ ਵੀ ਸਮੇਂ 'ਤੇ ਆਪਣਾ ਬਿਆਨ ਖਤਮ ਕਰਨ ਦਾ ਅਧਿਕਾਰ ਹੁੰਦਾ ਹੈ। ਘਰੇਲੂ ਹਿੰਸਾ, ਜਾਂ ਕਿਸੇ ਨਾਬਾਲਗ ਨਾਲ ਸੰਬੰਧਿਤ ਪ੍ਰਹਾਰ ਦੇ ਮਾਮਲੇ ਵਿੱਚ, ਪੁਲਿਸ ਹਾਲੇ ਵੀ ਇੱਕ ਜਾਂਚ ਦੇ ਨਾਲ ਅੱਗੇ ਵਧ ਸਕਦੀ ਹੈ।

ਤੁਹਾਡੇ ਕੋਲ ਤੁਹਾਡੇ ਦੁਆਰਾ ਦਿੱਤੇ ਬਿਆਨ ਦੀ ਸਮੀਖਿਆ ਕਰਨ ਦਾ ਅਧਿਕਾਰ ਹੁੰਦਾ ਹੈ, ਅਤੇ ਘਟਨਾ ਸੰਖਿਆ ਅਤੇ ਪੁਲਿਸ ਅਧਿਕਾਰੀ ਦੇ ਨਾਂ ਅਤੇ ਬੈਜ ਸੰਖਿਆ ਵਾਲਾ ਇੱਕ ਕਾਰਡ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ। ਬਾਅਦ ਦੀ ਕਿਸੇ ਸਮੇਂ'ਤੇ ਤੁਹਾਡੇ ਕੇਸ ਬਾਰੇ ਜਾਣਕਾਰੀ ਲੈਣ ਸਮੇਂ ਘਟਨਾ ਸੰਖਿਆ ਮਹੱਤਵਪੂਰਨ ਹੋਵੇਗੀ।

## ਕੀ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਉਸ 'ਤੇ ਦੋਸ਼ ਲਗਾਇਆ ਜਾਵੇਗਾ?

ਤੁਹਾਡੇ ਬਿਆਨ ਦੇਣ ਤੋਂ ਬਾਅਦ, ਪੁਲਿਸ ਜਾਂਚ ਕਰੇਗੀ। ਉਹਨਾਂ ਨੂੰ ਹੋਰਾਂ ਗਵਾਹਾਂ ਨਾਲ ਗੱਲ ਕਰਨ, ਵਧੇਰੇ ਸਬੂਤ ਇਕੱਠੇ ਕਰਨ, ਜਿਵੇਂ ਕਿ ਫ਼ੋਨ ਜਾਂ ਟੈਕਸਟ ਰਿਕਾਰਡਜ਼, ਲੈਬ ਦੇ ਨਤੀਜੇ ਪ੍ਰਾਪਤ ਕਰਨ ਜਾਂ ਦੋਸ਼ ਲਾਉਣ ਤੋਂ ਪਹਿਲਾਂ ਹੋਰ ਅਧਿਕਾਰੀਆਂ ਨਾਲ ਗੱਲ ਕਰਨ ਦੀ ਲੋੜ ਪੈ ਸਕਦੀ ਹੈ।

ਜੇਕਰ ਪੁਲਿਸ ਇਹ ਫੈਸਲਾ ਕਰਦੀ ਹੈ ਕਿ ਅਪਰਾਧ ਕੀਤਾ ਗਿਆ ਹੈ, ਤਾਂ ਉਹ ਜ਼ੁੰਮੇਵਾਰ ਵਿਅਕਤੀ ਨੂੰ ਗ੍ਰਿਫਤਾਰ ਕਰੇਗੀ ਅਤੇ ਦੋਸ਼ ਲਗਾਏਗੀ। ਜੇਕਰ ਉਹ ਉਸ ਵਿਅਕਤੀ ਦਾ ਪਤਾ ਨਹੀਂ ਕਰ ਸਕੇ ਜਿਸ ਨੂੰ ਉਹ ਜ਼ੁੰਮੇਵਾਰ ਮੰਨਦੇ ਹਨ, ਤਾਂ ਉਸ ਵਿਅਕਤੀ ਨੂੰ ਗ੍ਰਿਫਤਾਰ ਕਰਨ ਲਈ ਇੱਕ ਵਾਰੰਟ ਜਾਰੀ ਕੀਤਾ ਜਾਵੇਗਾ। ਉਸ ਵਿਅਕਤੀ ਨੂੰ ਲੱਭਣ ਲਈ ਕੁਝ ਸਮਾਂ ਲੱਗ ਸਕਦਾ ਹੈ। ਜੇਕਰ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਕੁਝ ਨਿਯਮ ਬਣਾਏ ਜਾ ਸਕਦੇ ਹਨ ਜੋ ਉਸ ਵਿਅਕਤੀ ਨੂੰ ਉਹਨਾਂ ਦੀ ਰਿਹਾਈ ਦੀ ਸ਼ਰਤ ਵਜੋਂ ਤੁਹਾਡੇ ਨਾਲ ਸੰਪਰਕ ਕਰਨ ਜਾਂ ਤੁਹਾਡੇ ਨੇੜੇ ਆਉਣ ਤੋਂ ਰੋਕਣਗੇ। ਜਦੋਂ ਤੁਸੀਂ ਪੁਲਿਸ ਨੂੰ ਆਪਣਾ ਬਿਆਨ ਦਿੰਦੇ ਹੋ, ਤਾਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਇਹ ਲੋੜੀਂਦਾ ਹੈ, ਤਾਂ ਤੁਸੀਂ ਇਸ ਬਾਰੇ ਵਿਚਾਰ ਕਰ ਸਕਦੇ ਹੋ।

## ਜੇਕਰ ਪੁਲਿਸ ਵਿਅਕਤੀ ‘ਤੇ ਕਿਸੇ ਅਪਰਾਧ ਦਾ ਦੋਸ਼ ਨਾ ਲਾਉਣ ਦਾ ਫ਼ੈਸਲਾ ਕਰਦੀ ਹੈ ਤਾਂ ਕੀ ਹੋਵੇਗਾ?

ਕਦੇ-ਕਦੇ, ਪੁਲਿਸ ਕ੍ਰਾਉਨ ਅਟਾਰਨੀ ਦੇ ਦਫ਼ਤਰ ਨੂੰ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਨ ਲਈ ਕਹਿੰਦੀ ਹੈ ਕਿ ਕੀ ਦੋਸ਼ ਲਗਾਏ ਜਾਣੇ ਚਾਹੀਦੇ ਹਨ। ਕੈਨੇਡਾ ਵਿੱਚ, ਕ੍ਰਾਉਨ ਅਟਾਰਨੀ ਇੱਕ ਵਕੀਲ ਹੁੰਦਾ ਹੈ ਜੋ ਕੇਸਾਂ ਦਾ ਮੁਲਾਂਕਣ ਕਰਨ ਲਈ ਅਤੇ ਉਹਨਾਂ ਦੀ ਸੰਭਾਲ ਕਰਨ ਲਈ ਜਿਨ੍ਹਾਂ ‘ਤੇ ਅਪਰਾਧਕ ਅਦਾਲਤ ਵਿੱਚ ਮੁਕੱਦਮਾ ਚਲਾਇਆ ਜਾ ਰਿਹਾ ਹੈ, ਲਈ ਸੂਬੇ ਵੱਲੋਂ ਕੰਮ ਕਰਦਾ ਹੈ।

ਜੇਕਰ ਪੁਲਿਸ ਉਸ ਵਿਅਕਤੀ ‘ਤੇ ਦੋਸ਼ ਨਾ ਲਾਉਣ ਦਾ ਫੈਸਲਾ ਕਰਦੀ ਹੈ, ਤਾਂ ਤੁਹਾਡੇ ਲਈ ਅਜੇ ਵੀ ਵਿਕਲਪ ਉਪਲੱਬਧ ਹਨ। ਕਿਰਪਾ ਕਰਕੇ ਸੂਚਨਾ ਦੇਣ ਦੇ ਹੋਰ ਤਰੀਕਿਆਂ, ਨਾਲ ਹੀ ਕਾਉਂਸਲਿੰਗ ਅਤੇ ਨਿਵਾਰਨ ਸਮਰਥਨ ਪ੍ਰਾਪਤ ਕਰਨ ਬਾਰੇ ਭਾਗ ਵੇਖੋ। ਤੁਸੀਂ ਅਜੇ ਵੀ ਅਸੁਰੱਖਿਅਤ ਮਹਿਸੂਸ ਕਰਦੇ ਹੋ ਸਕਦੇ ਹੋ। ਵਿਕਟਮ ਸਰਵੀਸਿਸ ਸੁਰੱਖਿਆ ਦੀ ਯੋਜਨਾ ਬਣਾਉਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਤੁਸੀਂ ਇੱਕ ਪ੍ਰੋਟੈਕਸ਼ਨ ਆਰਡਰ ਜਾਂ ਇੱਕ ਪੀਸ ਬੌਂਡ ਲਈ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ (ਵਧੇਰੇ ਜਾਣਕਾਰੀ ਲਈ ਇਸ ਗਾਈਡ ਦੇ ਸੁੱਰਖਿਅਤ ਰਹਿਣ ਬਾਰੇ ਭਾਗ ਨੂੰ ਵੇਖੋ)। ਧਿਆਨ ਦਿਓ ਕਿ ਜੇਕਰ ਕੋਈ ਦੋਸ਼ ਨਹੀਂ ਲੱਗੇ ਹਨ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਕੋਈ ਅਪਰਾਧ ਨਹੀਂ ਹੋਇਆ ਹੈ, ਇਸ ਦਾ ਮਤਲਬ ਸਿਰਫ਼ ਇਹ ਹੈ ਕਿ ਇਸ ਨੂੰ ਅਦਾਲਤ ਵਿੱਚ ਸਾਬਤ ਕਰਨ ਲਈ ਸਬੂਤ ਕਾਫ਼ੀ ਨਹੀਂ ਹਨ।

## ਪੁਲਿਸ ਦੁਆਰਾ ਆਪਣੀ ਜਾਂਚ ਪੂਰੀ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਇਸ ਬਾਰੇ ਫੈਸਲਾ ਕਰਨ ਲਈ ਲੰਬਾ ਸਮਾਂ ਲੱਗ ਸਕਦਾ ਹੈ ਕਿ ਅਪਰਾਧਕ ਦੋਸ਼ ਲਗਾਏ ਜਾਣਗੇ ਜਾਂ ਨਹੀਂ। ਤੁਹਾਡੇ ਕੇਸ ‘ਤੇ ਅਪਡੇਟ ਲਈ, ਆਪਣੇ ਪੁਲਿਸ ਘਟਨਾ ਕਾਰਡ 'ਤੇ ਨੰਬਰ ‘ਤੇ ਫ਼ੋਨ ਕਰੋ ਜਾਂ ਪੁਲਿਸ ਵਿਭਾਗ ਜਾਂ ਦਸਤੇ 'ਤੇ ਫ਼ੋਨ ਕਰੋ ਜਿੱਥੇ ਤੁਸੀਂ ਆਪਣੀ ਸ਼ਿਕਾਇਤ ਦਰਜ ਕੀਤੀ ਸੀ।

ਤੁਸੀਂ ਵਿਕਟਮ ਸਰਵੀਸਿਸ ਨੂੰ ਕਾਲ ਵੀ ਕਰ ਸਕਦੇ ਹੋ ਜਾਂ ਨਿਮਨਲਿਖਿਤ ‘ਤੇ ਉਹਨਾਂ ਦੀ ਵੈੱਬਸਾਈਟਾਂ ਦੀ ਵਰਤੋਂ ਕਰ ਸਕਦੇ ਹੋ:

- ਵਿਨੀਪੈੱਗ ਪੁਲਿਸ ਸੇਵਾਵਾਂ ਦੀ ਵਿਕਟਮ ਸਰਵੀਸਿਸ ਯੂਨਿਟ (204-986-6350)
  http://winnipeg.ca/police/Units_and_Divisions/victim_services.stm
- ਬਰੈਂਡਨ ਪੁਲਿਸ ਸੇਵਾਵਾਂ ਦੀਆਂ ਵਿਕਟਮ ਸਰਵੀਸਿਸ(204-729-2335)
  http://police.brandon.ca/victim-services
- ਪੇਂਬੀਨਾ ਵੈਲੀ ਵਿਕਟਮ ਸਰਵੀਸਿਸ(204-325-0829)
- ਮੈਨੀਟੋਬਾ ਜਸਟਿਸ ਦੀ ਵਿਕਟਮ ਸਰਵੀਸਿਸ ਬ੍ਰਾਂਚ (ਮੈਨੀਟੋਬਾ ਵਿੱਚ ਸਥਾਨਕ ਵਿਕਟਮ ਸਰਵੀਸਿਸ ਦੇ ਦਫਤਰਾਂ ਦੀ ਸੂਚੀ ਲਈ, ਟੋਲ ਫ੍ਰੀ 1-866-484-2846) ‘ਤੇ ਕਾਲ ਕਰੋ
  http://www.gov.mb.ca/justice/victims/

ਦੋਸ਼ ਲਗਾਏ ਜਾਣ ਤੋਂ ਬਾਅਦ, ਮੈਨੀਟੋਬਾ ਜਸਟਿਸ ਵਿਕਟਮ ਸਰਵੀਸਿਸ ਤੁਹਾਡੇ ਨਾਲ ਇਹ ਗੱਲ ਕਰਨ ਲਈ ਸੰਪਰਕ ਕਰਨਗੀਆਂ ਕਿ ਉਹ ਕਿਵੇਂ ਤੁਹਾਡੀ ਮਦਦ ਕਰ ਸਕਦੀਆਂ ਹਨ।

ਅਦਾਲਤੀ ਪ੍ਰਣਾਲੀ ਦੇ ਦੌਰਾਨ ਤੁਹਾਨੂੰ ਕੇਸ ਵਿੱਚ ਹੋ ਰਹੀ ਤਰੱਕੀ ਬਾਰੇ ਜਾਣੂ ਰੱਖਣ ਲਈ ਤੁਹਾਡੇ ਕੋਲ ਮੈਨੀਟੋਬਾ ਦੇ ਵਿਕਟਮ ਬਿੱਲ ਆਫ਼ ਰਾਈਟਸ ਦੇ ਤਹਿਤ ਰਜਿਸਟਰ ਹੋਣ ਦਾ ਹੱਕ ਹੋ ਸਕਦਾ ਹੈ। ਵਧੇਰੇ ਜਾਣਕਾਰੀ ਲਈ, https://www.gov.mb.ca/justice/victims/vrss.html 'ਤੇ ਜਾਓ।

## ਅਦਾਲਤ ਜਾਣਾ

### *ਕੀ ਮੈਨੂੰ ਇੱਕ ਵਕੀਲ ਦੀ ਲੋੜ ਹੈ?*

ਜੇਕਰ ਪੁਲਿਸ ਦੋਸ਼ ਲਗਾਉਂਦੀ ਹੈ, ਤਾਂ ਫਿਰ ਉਹ ਤੁਹਾਡੀ ਫਾਈਲ ਕ੍ਰਾਊਨ ਅਟਾਰਨੀ ਜਾਂ ਸਰਕਾਰੀ ਵਕੀਲ (ਕਈ ਵਾਰ "ਕ੍ਰਾਊਨ" ਵਜੋਂ ਜਾਣਿਆ ਜਾਂਦਾ ਹੈ) ਨੂੰ ਦੇਣਗੇ। ਇਹ ਉਹ ਵਕੀਲ ਹੁੰਦਾ ਹੈ ਜੋ ਤੁਹਾਡੇ ਕੇਸ ਨੂੰ ਅਦਾਲਤ ਵਿੱਚ ਸਾਬਤ ਕਰਨ ਲਈ ਜਤਨ ਕਰੇਗਾ।

ਕ੍ਰਾਊਨ ਅਟਾਰਨੀਜ਼ ਉਹ ਵਕੀਲ ਹੁੰਦੇ ਹਨ ਜੋ ਨਿਆਂ ਵਿਭਾਗ ਦੇ ਲਈ ਕੰਮ ਕਰਦੇ ਹਨ ਅਤੇ ਜਿਨ੍ਹਾਂ ਦਾ ਕੰਮ ਕੇਸਾਂ ਦਾ ਮੁਲਾਂਕਣ ਕਰਨਾ ਹੈ ਅਤੇ ਉਹਨਾਂ ਕੇਸਾਂ ਨੂੰ ਸੰਭਾਲਣਾ ਹੈ ਜਿੱਥੇ ਅਪਰਾਧਕ ਅਦਾਲਤ ਵਿੱਚ ਮੁਕੱਦਮਾ ਚਲਾਏ ਜਾਣ ਦਾ ਆਧਾਰ ਹੋਵੇ। ਉਹ ਤੁਹਾਡੇ ਨਿੱਜੀ ਵਕੀਲ ਨਹੀਂ ਹਨ, ਪਰ ਫੈਸਲੇ ਲੈਣ ਵੇਲੇ ਕੇਸਾਂ ਬਾਰੇ ਤੁਹਾਡੀਆਂ ਚਿੰਤਾਵਾਂ 'ਤੇ ਵਿਚਾਰ ਕਰਨਗੇ। ਇਹ ਸਮਝਣਾ ਮਹੱਤਵਪੂਰਨ ਹੈ ਕਿ ਅਪਰਾਧਕ ਮਾਮਲੇ ਜਨਤਾ ਦੇ ਪੱਖ ਵਿੱਚ ਅੱਗੇ ਵੱਧਦੇ ਹਨ; ਉਹ ਨਿੱਜੀ ਕਾਰਵਾਈਆਂ ਨਹੀਂ ਹੁੰਦੇ। ਤੁਹਾਨੂੰ ਕੇਸ ਵਿੱਚ ਇੱਕ ਗਵਾਹ ਮੰਨਿਆ ਜਾਂਦਾ ਹੈ, ਇਸ ਲਈ ਤੁਹਾਨੂੰ ਕਾਰਵਾਈਆਂ ਦੌਰਾਨ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਕੀਲ ਨੂੰ ਨਿਯੁਕਤ ਕਰਨ ਦੀ ਲੋੜ ਨਹੀਂ ਹੈ। ਪੀੜਤਾਂ ਲਈ ਸੇਵਾਵਾਂ ਇਸ ਪ੍ਰਕਿਰਿਆ ਰਾਹੀਂ ਤੁਹਾਨੂੰ ਸਮਰਥਨ ਦੇਣ ਅਤੇ ਸਹਾਇਤਾ ਕਰਨ ਦੇ ਯੋਗ ਹਨ।

## ਕੀ ਵਿਅਕਤੀ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਜਾਂ ਜੇਲ੍ਹ ਵਿੱਚ ਰਹਿਣਾ ਪਵੇਗਾ?

ਇੱਥੇ ਦੋ ਵੱਖੋ-ਵੱਖ ਕਿਸਮਾਂ ਦੀਆਂ ਸਥਿਤੀਆਂ ਹੁੰਦੀਆਂ ਹਨ ਜਿੱਥੇ ਅਪਰਾਧੀ ਨੂੰ ਪੁਲਿਸ ਦੁਆਰਾ ਰਿਹਾਅ, ਅਤੇ ਜੱਜ ਦੁਆਰਾ ਰਿਹਾਅ ਕੀਤਾ ਜਾ ਸਕਦਾ ਹੈ।

### *ਪੁਲੀਸ ਦੁਆਰਾ ਰਿਹਾਅ ਕਰਨਾ*

ਕੁਝ ਮਾਮਲਿਆਂ ਵਿੱਚ, ਪੁਲਿਸ ਅਪਰਾਧੀ ਨੂੰ ਰਿਹਾਅ ਕਰ ਸਕਦੀ ਹੈ ਜੇਕਰ ਉਹ ਵਿਅਕਤੀ ਕਿਸੇ ਬਾਅਦ ਦੀ ਤਾਰੀਖ਼ 'ਤੇ ਅਦਾਲਤ ਵਿੱਚ ਪੇਸ਼ ਹੋਣ ਦਾ ਵਾਅਦਾ ਕਰਦਾ ਹੈ। ਉਹ ਉਨ੍ਹਾਂ ਸ਼ਰਤਾਂ ਦੇ ਨਾਲ ਰਿਹਾਅ ਕੀਤੇ ਜਾ ਸਕਦੇ ਹਨ ਜਿਹਨਾਂ ਦੀ ਉਹਨਾਂ ਨੂੰ ਪਾਲਣਾ ਕਰਨੀ ਚਾਹੀਦੀ ਹੈ ਜਦੋਂ ਕੇਸ ਅਦਾਲਤੀ ਪ੍ਰਕ੍ਰਿਆ ਦੇ ਅਧੀਨ ਹੋਵੇ। ਇਹਨਾਂ ਸ਼ਰਤਾਂ ਵਿੱਚ ਤੁਹਾਡੇ ਨਾਲ ਸੰਪਰਕ ਨਾ ਹੋਣਾ ਅਤੇ ਤੁਹਾਡੇ ਘਰ, ਕੰਮ, ਚਰਚ ਅਤੇ ਸਕੂਲ ਵਿੱਚ ਨਾ ਜਾਣਾ ਸ਼ਾਮਲ ਹੋ ਸਕਦਾ ਹੈ। ਇਹ ਅਕਸਰ ਅਜਿਹਾ ਮਾਮਲਾ ਹੁੰਦਾ ਹੈ ਜੇ ਉਸ ਵਿਅਕਤੀ ਦਾ ਪਹਿਲਾਂ ਕੋਈ ਅਪਰਾਧਕ ਰਿਕਾਰਡ ਨਹੀਂ ਹੁੰਦਾ।

***ਜੱਜ ਦੁਆਰਾ ਰਿਹਾਅ ਕਰਨਾ***

ਪੁਲਿਸ ਅਦਾਲਤ ਵਿੱਚ ਵਿਅਕਤੀ ਦੀ ਪਹਿਲੀ ਪੇਸ਼ੀ ਤੱਕ ਅਪਰਾਧੀ ਨੂੰ ਜੇਲ੍ਹ ਵਿੱਚ ਰੱਖ ਸਕਦੀ ਹੈ (ਪਰਿਭਾਸ਼ਾਵਾਂ ਲਈ ਗਾਈਡ ਦੇ ਅੰਤ ਵਿੱਚ ਵੇਖੋ)। ਉਨ੍ਹਾਂ ਮਾਮਲਿਆਂ ਵਿੱਚ, ਜੱਜ ਇਹ ਫੈਸਲਾ ਕਰਦਾ ਹੈ ਕਿ ਅਪਰਾਧੀ ਨੂੰ ਮੁਕੱਦਮੇ ਤੱਕ ਜੇਲ੍ਹ ਵਿੱਚ ਰਹਿਣਾ ਚਾਹੀਦਾ ਹੈ ਜਾ ਨਹੀਂ। ਜੇਕਰ ਕੋਈ ਵਿਅਕਤੀ ਜ਼ਮਾਨਤ ਦੀਆਂ ਕੁਝ ਸ਼ਰਤਾਂ ਦਾ ਪਾਲਣ ਕਰਨ ਲਈ ਸਹਿਮਤੀ ਦਿੰਦਾ ਹੈ ਤਾਂ ਜੱਜ ਅਪਰਾਧੀ ਨੂੰ ਰਿਹਾ ਕਰ ਸਕਦਾ ਹੈ, ਜਿਵੇਂ ਕਿ ਲੋੜ ਪੈਣ ‘ਤੇ ਅਦਾਲਤ ਵਿੱਚ ਆਉਣਾ, ਨਸ਼ੇ ਜਾਂ ਅਲਕੋਹਲ ਤੋਂ ਦੂਰ ਰਹਿਣਾ ਜਾਂ ਕੋਈ ਵੀ ਹਥਿਆਰ ਨਾ ਰੱਖਣਾ।

ਜੱਜ ਅਪਰਾਧੀ ਨੂੰ ਕਿਸੇ ਵੀ ਤਰੀਕੇ ਨਾਲ ਤੁਹਾਡੇ ਨਾਲ ਸੰਪਰਕ ਨਾ ਕਰਨ ਦਾ ਆਦੇਸ਼ ਵੀ ਦੇ ਸਕਦਾ ਹੈ (ਉਦਾਹਰਣ ਲਈ, ਵਿਅਕਤੀਗਤ ਤੌਰ 'ਤੇ, ਫ਼ੋਨ ਦੁਆਰਾ, ਡਾਕ ਦੁਆਰਾ, ਈ-ਮੇਲ ਜਾਂ ਸੋਸ਼ਲ ਮੀਡੀਆ ਰਾਹੀਂ)। ਜੇਕਰ ਅਪਰਾਧੀ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦਾ ਹੈ, ਭਾਵੇਂ ਉਹ ਹਿਰਾਸਤ ਵਿੱਚ ਹੈ ਜਾਂ ਰਿਹਾਅ ਕਰ ਦਿੱਤਾ ਗਿਆ ਹੈ, ਤਾਂ ਤੁਹਾਡੀ ਸੁਰੱਖਿਆ ਲਈ, ਪੁਲਿਸ ਨੂੰ ਕਾਲ ਕਰਨਾ ਮਹੱਤਵਪੂਰਨ ਹੁੰਦਾ ਹੈ। ਇਹ ਜਾਣਕਾਰੀ ਅਦਾਲਤੀ ਕੇਸ ਲਈ ਵੀ ਮਹੱਤਵਪੂਰਨ ਹੋਵੇਗੀ।

ਵਿਕਟਮ ਸਰਵੀਸਿਸ ਰਿਹਾਈ ਦੀਆਂ ਸ਼ਰਤਾਂ ਤੁਹਾਨੂੰ ਲਿਖਤੀ ਰੂਪ ਵਿੱਚ ਦੇਣਗੀਆਂ। ਉਹ ਕਿਸੇ ਵੀ ਪ੍ਰਸ਼ਨ ਦਾ ਉੱਤਰ ਵੀ ਦੇ ਸਕਦੇ ਹਨ ਜੋ ਤੁਹਾਡੇ ਮਨ ਅੰਦਰ ਹੋ ਸਕਦੇ ਹਨ। ਜੇਕਰ ਕੁਝ ਬਦਲਦਾ ਹੈ, ਜਾਂ ਜੇਕਰ ਵਿਅਕਤੀ ਨੂੰ ਦੁਬਾਰਾ ਗ੍ਰਿਫਤਾਰ ਕੀਤਾ ਜਾਂਦਾ ਹੈ, ਤਾਂ ਵਿਕਟਮ ਸਰਵੀਸਿਸ ਤੁਹਾਡੇ ਨਾਲ ਸੰਪਰਕ ਕਰਨਗੀਆਂ। ਕਿਸੇ ਵੀ ਸਮੇਂ ਤੁਸੀਂ ਆਪਣਾ ਘਰ ਜਾਂ ਆਪਣਾ ਫ਼ੋਨ ਨੰਬਰ ਬਦਲਦੇ ਹੋ ਤਾਂ ਉਹਨਾਂ ਦੇ ਦਫ਼ਤਰ ਇਹ ਜਾਣਕਾਰੀ ਦੇਣਾ ਬਹੁਤ ਮਹੱਤਵਪੂਰਨ ਹੁੰਦਾ ਹੈ।

## ਮੇਰੇ ਅਦਾਲਤੀ ਕੇਸ ਨਾਲ ਸਭ ਤੋਂ ਪਹਿਲਾਂ ਕੀ ਹੁੰਦਾ ਹੈ?

ਵਕੀਲਾਂ ਦੇ ਸਾਹਮਣੇ ਇਹ ਫੈਸਲਾ ਕਰਨ ਵਿੱਚ ਕੁਝ ਸਮਾਂ ਲੱਗ ਸਕਦਾ ਹੈ ਕਿ ਕੇਸ ਵਿੱਚ ਕੀ ਹੋਵੇਗਾ। ਕਈ ਵਾਰ, ਵਕੀਲਾਂ ਨੂੰ ਹੋਰ ਜਾਣਕਾਰੀ ਜਾਂ ਲੈਬ ਟੈਸਟ ਦੇ ਨਤੀਜਿਆਂ ਲਈ ਉਡੀਕ ਕਰਨੀ ਪੈਂਦੀ ਹੈ। ਇਸ ਵਿੱਚ ਸਮਾਂ ਲੱਗ ਸਕਦਾ ਹੈ।

ਅਦਾਲਤਾਂ ਦੀਆਂ ਕਈ ਤਾਰੀਖਾਂ ਹੋ ਸਕਦੀਆਂ ਹਨ ਜਿਨ੍ਹਾਂ ‘ਤੇ ਦੋਸ਼ੀ ਵਿਅਕਤੀ ਨੂੰ ਪਹੁੰਚਣਾ ਪੈਂਦਾ ਹੈ। ਕਈ ਵਾਰ, ਉਨ੍ਹਾਂ ਦਾ ਵਕੀਲ ਉਨ੍ਹਾਂ ਦੀ ਤਰਫੋਂ ਅਦਾਲਤ ਵਿੱਚ ਜਾਵੇਗਾ। ਇਸ ਸਮੇਂ ‘ਤੇ ਤੁਹਾਨੂੰ ਅਦਾਲਤ ਵਿੱਚ ਜਾਣ ਦੀ ਜ਼ਰੂਰਤ ਨਹੀਂ ਹੁੰਦੀ ਹੈ, ਕਿਉਂਕਿ ਤੁਹਾਡਾ ਵਿਕਟਮ ਸਰਵੀਸਿਸ ਦਾ ਕਰਮਚਾਰੀ ਤੁਹਾਡੇ ਲਈ ਕੇਸ ਦੀ ਅਗਵਾਈ ਕਰੇਗਾ ਅਤੇ ਤੁਹਾਨੂੰ ਕਿਸੇ ਵੀ ਮਹੱਤਵਪੂਰਨ ਘਟਨਾਕ੍ਰਮ ਬਾਰੇ ਦੱਸੇਗਾ।

## ਕੀ ਮੇਰੀ ਨਿੱਜੀ ਜਾਣਕਾਰੀ ਅਦਾਲਤ ਵਿੱਚ ਸਾਂਝੀ ਕੀਤੀ ਜਾਵੇਗੀ?

ਇਹ ਸੰਭਵ ਹੈ ਕਿ ਅਪਰਾਧੀ ਲਈ ਵਕੀਲ ਤੁਹਾਡੇ ਕੁਝ ਨਿੱਜੀ ਰਿਕਾਰਡਾਂ (ਜਿਵੇਂ ਕਿ ਡਾਕਟਰੀ ਅਤੇ ਕਾਉਂਸਲਿੰਗ ਰਿਕਾਰਡ) ਬਾਰੇ ਪੁੱਛ ਸਕਦਾ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਮੁਫਤ ਸਲਾਹ ਅਤੇ ਜਾਣਕਾਰੀ ਦੇਣ ਲਈ ਤੁਹਾਨੂੰ ਇੱਕ ਵਕੀਲ ਨਿਯੁਕਤ ਕੀਤਾ ਜਾ ਸਕਦਾ ਹੈ।

ਤੀਜੇ-ਧਿਰ ਦੇ ਰਿਕਾਰਡਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ http://www.justice.gc.ca/eng/rp-pr/cj-jp/victim/tprfact-dtfiche/fact1-fiche1.html ਵੇਖੋ।

ਮੈਨੀਟੋਬਾ ਵਿੱਚ ਤੀਜੇ-ਧਿਰ ਦੇ ਰਿਕਾਰਡਾਂ ਬਾਰੇ ਵਧੇਰੇ ਜਾਣਕਾਰੀ ਲਈ, ਵਿਕਟਮ ਸਰਵੀਸਿਸ ਨੂੰ 204-945-6851 ਜਾਂ 1-866-4VICTIM (1-866-484-2846) ‘ਤੇ ਸੰਪਰਕ ਕਰੋ।

## ਕੀ ਮੈਨੂੰ ਗਵਾਹੀ ਦੇਣੀ ਪਵੇਗੀ?

ਜੇਕਰ ਅਪਰਾਧੀ ਦੋਸ਼ ਸਵੀਕਾਰ ਨਹੀਂ ਕਰਦਾ ਹੈ, ਤਾਂ ਤੁਹਾਨੂੰ ਅਦਾਲਤ ਵਿੱਚ ਜਾਣ ਦੀ ਲੋੜ ਪੈ ਸਕਦੀ ਹੈ ਅਤੇ ਕ੍ਰਾਊਨ ਅਟਾਰਨੀ ਲਈ ਇੱਕ ਗਵਾਹ ਦੇ ਤੌਰ ‘ਤੇ ਹਾਜ਼ਰ ਹੋਣਾ ਪੈ ਸਕਦਾ ਹੈ। ਇੱਕ ਅਦਾਲਤੀ ਸੈਸ਼ਨ (ਸੁਣਵਾਈ) ਹੋਵੇਗਾ ਜਿੱਥੇ ਤੁਹਾਨੂੰ ਅਦਾਲਤ ਨੂੰ ਇਹ ਦੱਸਣ ਲਈ ਕਿਹਾ ਜਾਵੇਗਾ ਕਿ ਤੁਹਾਡੇ ਨਾਲ ਕੀ ਹੋਇਆ ਹੈ। ਜੋ ਹੋਇਆ ਉਸ ਬਾਰੇ ਜੱਜ ਨੂੰ ਦੱਸਣ ਲਈ ਕ੍ਰਾਊਨ ਅਟਾਰਨੀ ਤੁਹਾਡੀ ਮਦਦ ਕਰਨ ਲਈ ਉੱਥੇ ਹੁੰਦਾ ਹੈ। ਤੁਹਾਨੂੰ ਗਵਾਹੀ ਦੇਣ ਦੀ ਲੋੜ ਨਹੀਂ ਪਵੇਗੀ ਜੇਕਰ ਅਪਰਾਧੀ ਦੋਸ਼ ਲਈ ਆਪਣੇ ਆਪ ਨੂੰ ਕਸੂਰਵਾਰ ਮੰਨਦਾ ਹੈ, ਜੋ ਉਹ ਵਿਅਕਤੀ ਅਦਾਲਤੀ ਕੇਸ ਵਿੱਚ ਕਿਸੇ ਵੀ ਸਮੇਂ ਕਰ ਸਕਦਾ ਹੈ।

ਤੁਹਾਡਾ ਵਿਕਟਮ ਸਰਵੀਸਿਸ ਦਾ ਕਰਮਚਾਰੀ ਤੁਹਾਨੂੰ ਅਦਾਲਤ ਦੀਆਂ ਮਹੱਤਵਪੂਰਨ ਤਰੀਕਾਂ ਬਾਰੇ ਦੱਸੇਗਾ, ਖਾਸ ਤੌਰ ‘ਤੇ ਜਿੱਥੇ ਤੁਹਾਡਾ ਹਾਜ਼ਰ ਹੋਣਾ ਲਾਜ਼ਮੀ ਹੁੰਦਾ ਹੈ। ਜੇਕਰ ਤੁਹਾਨੂੰ ਗਵਾਹੀ ਦੇਣੀ ਪਵੇ, ਤਾਂ ਤੁਹਾਨੂੰ ਇੱਕ ਸੰਮਨ ਹਾਜ਼ਰੀ ਮਿਲੇਗਾ, ਜੋਕਿ ਤੁਹਾਨੂੰ ਅਦਾਲਤ ਵਿੱਚ ਕਦੋਂ ਅਤੇ ਕਿੱਥੇ ਪੁੱਜਣਾ ਹੈ, ਇਸ ਬਾਰੇ ਦੱਸਣ ਵਾਲਾ ਇੱਕ ਨੋਟਿਸ ਹੁੰਦਾ ਹੈ। ਵਧੇਰੇ ਜਾਣਕਾਰੀ ਲਈ, https://www.gov.mb.ca/justice/victims/pubs/witnessfactsheet.pdf ‘ਤੇ ਜਾਓ।

ਸੁਣਵਾਈ ਲਈ ਤਿਆਰ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ ਅਦਾਲਤ ਦੀ ਤਰੀਕ ਤੋਂ ਪਹਿਲਾਂ ਕ੍ਰਾਊਨ ਅਟਾਰਨੀ ਨਾਲ ਮਿਲਣਾ ਸਭ ਤੋਂ ਵਧੀਆ ਹੁੰਦਾ ਹੈ। ਜੋ ਹੋਇਆ ਹੈ ਉਸ ਬਾਰੇ ਕ੍ਰਾਊਨ ਅਟਾਰਨੀ ਨੂੰ ਤੁਹਾਡੇ ਨਾਲ ਹੋਰ ਵਿਸਥਾਰ ਨਾਲ ਗੱਲ ਕਰਨ ਦੀ ਜ਼ਰੂਰਤ ਹੋਏਗੀ। ਵੇਰਵਿਆਂ ਨੂੰ ਚੇਤੇ ਰੱਖਣ ਵਿੱਚ ਤੁਹਾਡੀ ਮਦਦ ਕਰਨ ਲਈ, ਤੁਸੀਂ ਪੁਲਿਸ ਨੂੰ ਦਿੱਤੇ ਬਿਆਨ ਦੀ ਸਮੀਖਿਆ ਕਰਨ ਦੇ ਯੋਗ ਵੀ ਹੋਵੋਗੇ। ਜੇਕਰ ਸੰਭਵ ਹੋਵੇ, ਤਾਂ ਵਿਕਟਮ ਸਰਵੀਸਿਸ ਦਾ ਕਰਮਚਾਰੀ ਤੁਹਾਡੇ ਨਾਲ ਇਸ ਮੀਟਿੰਗ ਵਿੱਚ ਜਾਵੇਗਾ। ਕ੍ਰਾਊਨ ਅਟਾਰਨੀ ਤੁਹਾਨੂੰ ਉਹਨਾਂ ਪ੍ਰਸ਼ਨਾਂ ਦੀਆਂ ਕਿਸਮਾਂ ਦਾ ਇੱਕ ਅੰਦਾਜਾ ਦੇਵੇਗਾ ਜੋ ਦੋਵੇਂ ਵਕੀਲ ਅਦਾਲਤ ਵਿੱਚ ਤੁਹਾਨੂੰ ਪੁੱਛ ਸਕਦੇ ਹਨ।

ਗਵਾਹੀ ਦੇਣ ਬਾਰੇ ਘਬਰਾਹਟ ਮਹਿਸੂਸ ਕਰਨਾ ਆਮ ਗੱਲ ਹੁੰਦੀ ਹੈ। ਬਹੁਤੇ ਲੋਕਾਂ ਲਈ ਇਹ ਰੋਜ਼ਾਨਾ ਦਾ ਅਨੁਭਵ ਨਹੀਂ ਹੁੰਦਾ ਹੈ। ਜਦੋਂ ਤੁਸੀਂ ਗਵਾਹੀ ਦਿੰਦੇ ਹੋ ਤਾਂ ਤੁਸੀਂ ਕਿਸੇ ਸਹਿਯੋਗੀ ਵਿਅਕਤੀ ਨੂੰ ਆਪਣੇ ਨਾਲ ਬਿਠਾਉਣ ਦੇ ਯੋਗ ਹੋ ਸਕਦੇ ਹੋ ਜਾਂ ਕਿਸੇ ਪਰਦੇ ਦੀ ਵਰਤੋਂ ਕਰ ਸਕਦੇ ਹੋ ਜਿਸ ਨਾਲ ਅਪਰਾਧੀ ਤੁਹਾਨੂੰ ਦੇਖ ਨਹੀਂ ਸਕਦਾ। ਇਹਨਾਂ ਵਿਕਲਪਾਂ ਨੂੰ ਪ੍ਰਮਾਣ ਸਹਾਇਕ ਕਿਹਾ ਜਾਂਦਾ ਹੈ ਅਤੇ ਜੇਕਰ ਤੁਹਾਨੂੰ ਲੱਗਦਾ ਹੈ ਕਿ ਇਹ ਤੁਹਾਡੀ ਮਦਦ ਕਰਣਗੇ, ਤਾਂ ਜਿੰਨੀ ਛੇਤੀ ਹੋ ਸਕੇ ਤੁਹਾਨੂੰ ਕ੍ਰਾਊਨ ਅਟਾਰਨੀ ਜਾਂ ਵਿਕਟਮ ਸਰਵੀਸਿਸ ਦੇ ਕਰਮਚਾਰੀ ਨੂੰ ਦੱਸਣਾ ਚਾਹੀਦਾ ਹੈ।

## ਅਦਾਲਤ ਕਿਹੋ ਜਿਹੀ ਹੋਵੇਗੀ?

ਤੁਹਾਡਾ ਵਿਕਟਮ ਸਰਵੀਸਿਸ ਦਾ ਕਰਮਚਾਰੀ ਤੁਹਾਡੇ ਨਾਲ ਅਦਾਲਤ ਵਿੱਚ ਜਾ ਸਕਦਾ ਹੈ। ਤੁਸੀਂ ਕਿਸੇ ਦੋਸਤ ਜਾਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਵੀ ਅਦਾਲਤ ਵਿੱਚ ਲਿਆ ਸਕਦੇ ਹੋ। ਜੇਕਰ ਤੁਸੀਂ ਕਲੀਨਿਕ (Klinic) ਨਾਲ ਕੰਮ ਕਰ ਰਹੇ ਹੋ, ਤਾਂ ਕਲੀਨਿਕ ਕਰਮਚਾਰੀ ਜਾਂ ਕੋਈ ਹੋਰ ਸਹਾਇਕ ਵਿਅਕਤੀ ਵੀ ਤੁਹਾਡੇ ਨਾਲ ਹਾਜ਼ਰ ਹੋ ਸਕਦਾ ਹੈ।

ਉਹ ਅਦਾਲਤ ਵਿੱਚ ਉਦੋਂ ਤੱਕ ਰਹਿ ਸਕਦੇ ਹਨ ਜਦੋਂ ਤੱਕ ਉਹ ਕੇਸ ਵਿੱਚ ਗਵਾਹ ਨਹੀਂ ਹੁੰਦੇ ਹਨ।

ਅਦਾਲਤ ਆਮ ਤੌਰ 'ਤੇ ਉਸ ਕਮਿਊਨਿਟੀ ਵਿੱਚ ਹੁੰਦੀ ਹੈ ਜਿੱਥੇ ਪ੍ਰਹਾਰ ਹੋਇਆ ਹੁੰਦਾ ਹੈ। ਮੈਨੀਟੋਬਾ ਵਿੱਚ ਬਹੁਤ ਸਾਰੇ ਭਾਈਚਾਰਿਆਂ ਦਾ ਕੋਰਟਹਾਊਸ ਹੁੰਦਾ ਹੈ ਪਰ, ਕਦੇ-ਕਦੇ, ਅਦਾਲਤ ਕਿਸੇ ਹੋਰ ਸਥਾਨ 'ਤੇ ਹੋਵੇਗੀ, ਜਿਵੇਂ ਕਿ ਕੋਈ ਕਮਿਊਨਿਟੀ ਕੇਂਦਰ ਜਾਂ ਕੋਈ ਬੈਂਡ ਦਫ਼ਤਰ। ਜੇਕਰ ਤੁਸੀਂ ਉਸ ਕਮਿਊਨਿਟੀ ਵਿੱਚ ਨਹੀਂ ਰਹਿੰਦੇ ਹੋ ਜਿੱਥੇ ਪ੍ਰਹਾਰ ਹੋਇਆ ਸੀ ਜਾਂ ਤੁਸੀਂ ਹੁਣ ਇੱਥੋਂ ਚਲੇ ਗਏ ਹੋ ਤਾਂ ਜਿੰਨੀ ਜਲਦੀ ਸੰਭਵ ਹੋ ਸਕੇ ਤੁਹਾਨੂੰ ਕ੍ਰਾਊਨ ਅਟਾਰਨੀ ਦੇ ਦਫ਼ਤਰ ਨੂੰ ਦੱਸ ਦੇਣਾ ਚਾਹੀਦਾ ਹੈ। ਉਨ੍ਹਾਂ ਦੇ ਦਫ਼ਤਰ ਆਵਾਜਾਈ ਲਈ ਵਿਕਲਪਾਂ 'ਤੇ ਵਿਚਾਰ ਕਰ ਸਕਦੇ ਹਨ।

ਮੁਕੱਦਮਾ ਜਨਤਾ ਲਈ ਖੁੱਲ੍ਹਾ ਹੋਵੇਗਾ। ਤੁਸੀਂ ਕ੍ਰਾਊਨ ਅਟਾਰਨੀ ਨੂੰ ਕਹਿ ਸਕਦੇ ਹੋ ਕਿ ਤੁਸੀਂ ਆਪਣੀ ਪਛਾਣ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹੋ, ਅਤੇ ਜੱਜ ਇਹ ਆਦੇਸ਼ ਦੇ ਸਕਦਾ ਹੈ ਕਿ ਤੁਹਾਡੀ ਪਛਾਣ ਜਨਤਕ ਨਹੀਂ ਕੀਤੀ ਜਾ ਸਕਦੀ ਹੈ।



ਮੁਕੱਦਮੇ ਦੀ ਸੁਣਵਾਈ ਸਿਰਫ ਇੱਕ ਜੱਜ ਦੁਆਰਾ, ਜਾਂ ਇੱਕ ਜੱਜ ਅਤੇ ਜਿਊਰੀ ਦੁਆਰਾ ਕੀਤੀ ਜਾ ਸਕਦੀ ਹੈ। ਇੱਕ ਜਿਊਰੀ ਵਿਚ, ਕਮਿਊਨਿਟੀ ਵਿੱਚੋਂ 12 ਲੋਕ ਹੁੰਦੇ ਹਨ, ਜਿਹੜੇ ਸਬੂਤ ਸੁਣਦੇ ਹਨ ਅਤੇ ਇਹ ਫੈਸਲਾ ਕਰਦੇ ਹਨ ਕਿ ਮੁਲਜ਼ਮ ਦੋਸ਼ੀ ਹੈ ਜਾਂ ਨਹੀਂ।

## ਜੇਕਰ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਉਸ ਨਾਲ ਕੀ ਹੋਵੇਗਾ?

ਜੇਕਰ ਮੁਲਜ਼ਮ ਦੋਸ਼ ਮੰਨਦਾ ਹੈ ਜਾਂ ਦੋਸ਼ੀ ਪਾਇਆ ਜਾਂਦਾ ਹੈ, ਤਾਂ ਜੱਜ ਇਹ ਫੈਸਲਾ ਕਰਦਾ ਹੈ ਕਿ ਸਜ਼ਾ ਕੀ ਹੋਵੇਗੀ। ਕੋਈ ਵੀ ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਅਪਰਾਧ ਦੇ ਹਾਲਾਤਾਂ ਅਤੇ ਮੁਲਜ਼ਮ ਦੇ ਪਿਛੋਕੜ 'ਤੇ ਵਿਚਾਰ ਕਰੇਗਾ। ਜਿਨਸੀ ਪ੍ਰਹਾਰ ਲਈ ਸਜ਼ਾ ਇੱਕ ਜੁਰਮਾਨੇ ਤੋਂ ਲੈਕੇ ਜੇਲ੍ਹ ਦੀ ਸਜ਼ਾ ਤੱਕ ਕੁਝ ਵੀ ਹੋ ਸਕਦੀ ਹੈ। ਜੱਜ ਅਪਰਾਧੀ ਲਈ ਮੁਅੱਤਲੀ ਸਜ਼ਾ ਜਾਂ ਪ੍ਰੋਬੇਸ਼ਨ ਦਾ ਆਦੇਸ਼ ਵੀ ਦੇ ਸਕਦੇ ਹਨ। ਮੁਅੱਤਲੀ ਸਜ਼ਾ ਉਦੋਂ ਹੁੰਦੀ ਹੈ ਜਦੋਂ ਵਿਅਕਤੀ ਦੋਸ਼ੀ ਪਾਇਆ ਜਾਂਦਾ ਹੈ, ਪਰ ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਸਜ਼ਾ ਪੂਰੀ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

ਤੁਹਾਡੇ ਕੋਲ ਇੱਕ ਪੀੜਤ ਪ੍ਰਭਾਵ ਬਿਆਨ ਨੂੰ ਪੂਰਾ ਕਰਨ ਦਾ ਹੱਕ ਹੈ, ਜੋ ਕਿ ਅਦਾਲਤ ਨੂੰ ਇਹ ਸਮਝਣ ਵਿੱਚ ਬਿਹਤਰ ਮਦਦ ਕਰ ਸਕਦਾ ਹੈ ਕਿ ਇਸ ਜੁਰਮ ਨੇ ਕਿਵੇਂ ਤੁਹਾਨੂੰ ਭਾਵਨਾਤਮਕ, ਸਰੀਰਕ ਅਤੇ ਵਿੱਤੀ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਵਿਕਟਮ ਸਰਵੀਸਿਸ ਦਾ ਕਰਮਚਾਰੀ ਤੁਹਾਨੂੰ ਇਸਨੂੰ ਲਿਖਣ ਵਿੱਚ ਮਦਦ ਕਰ ਸਕਦਾ ਹੈ। ਤੁਹਾਡੇ ਕੋਲ ਸਜ਼ਾ ਸੁਣਾਏ ਜਾਣ ਦੀ ਸੁਣਵਾਈ ਵੇਲੇ ਅਦਾਲਤ ਵਿੱਚ ਬਿਆਨ ਨੂੰ ਪੜ੍ਹਨ ਦਾ ਅਧਿਕਾਰ ਵੀ ਹੈ। ਵਧੇਰੇ ਜਾਣਕਾਰੀ ਲਈ, https://www.gov.mb.ca/justice/victims/impact_stmt.html ਵੇਖੋ

## ਕੀ ਹੋਵੇਗਾ ਜੇਕਰ ਵਿਅਕਤੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾਂਦਾ ਹੈ?

ਜੇਕਰ ਮੁਲਜ਼ਮ ਨੂੰ ਦੋਸ਼ੀ ਨਹੀਂ ਪਾਇਆ ਜਾਂਦਾ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਜੱਜ ਤੁਹਾਡੇ 'ਤੇ ਵਿਸ਼ਵਾਸ ਨਹੀਂ ਕਰਦਾ। ਇਸ ਦਾ ਮਤਲਬ ਹੈ ਕਿ ਕਿਸੇ ਵਾਜਬ ਸ਼ੱਕ ਤੋਂ ਬਾਹਰ ਇਹ ਸਾਬਤ ਨਹੀਂ ਹੋ ਸਕਿਆ ਹੈ ਕਿ ਉਹਨਾਂ ਨੇ ਅਪਰਾਧ ਕੀਤਾ ਹੈ। ਅੱਗੇ ਕੀ ਕਰਨਾ ਹੈ, ਇਹ ਫ਼ੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਮੇਰੇ ਕੋਲ ਹੋਰ ਕਿਹੜੇ ਵਿਕਲਪ ਹਨ, ਸਿਰਲੇਖ ਵਾਲਾ ਭਾਗ ਪੜ੍ਹੋ। ਤੁਸੀਂ ਕਾਊਂਸਲਿੰਗ ਜਾਂ ਹੋਰ ਨਿਵਾਰਨ ਸਮਰਥਨ ਪ੍ਰਾਪਤ ਕਰਨ ਦੀ ਇੱਛਾ ਵੀ ਰੱਖ ਸਕਦੇ ਹੋ (ਕਾਊਂਸਲਿੰਗ, ਸਮਰਥਨ ਅਤੇ ਨਿਵਾਰਨ ਸਿਰਲੇਖ ਵਾਲਾ ਭਾਗ ਵੇਖੋ)। ਜੇਕਰ ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ, ਤਾਂ ਤੁਸੀਂ ਇਕ ਪ੍ਰੋਟੈਕਸ਼ਨ ਆਰਡਰ, ਪੀਸ ਬੌਂਡ ਜਾਂ ਹੋਰ ਪੁਲਿਸ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਇਹ ਅਦਾਲਤੀ ਆਦੇਸ਼ ਹੁੰਦੇ ਹਨ, ਜੋ ਦੂਜੇ ਵਿਅਕਤੀ ਦਾ ਤੁਹਾਡੇ ਤੋਂ ਦੂਰ ਰਹਿਣਾ ਲਾਜ਼ਮੀ ਕਰਨਗੇ (ਇਸ ਕਿਤਾਬਚੇ ਦਾ ਸੁਰੱਖਿਅਤ ਰਹਿਣਾ ਭਾਗ ਵੇਖੋ)।

# ਸੁਰੱਖਿਅਤ ਰਹਿਣਾ

ਭਾਵੇਂ ਤੁਸੀਂ ਜਿਨਸੀ ਪ੍ਰਹਾਰ ਦੀ ਸੂਚਨਾ ਦਿੰਦੇ ਹੋ ਜਾਂ ਨਹੀਂ, ਤੁਸੀਂ ਸੁਰੱਖਿਅਤ ਮਹਿਸੂਸ ਕਰਨ ਦੇ ਹੱਕਦਾਰ ਹੋ। ਆਪਣੇ ਵਿਸ਼ਵਾਸ ਵਾਲੇ ਕਿਸੇ ਵਿਅਕਤੀ ਨੂੰ ਦੱਸੋ ਕਿ ਤੁਹਾਡੇ ਨਾਲ ਕੀ ਹੋਇਆ ਹੈ (ਜਿਵੇਂ ਕਿ, ਦੋਸਤ, ਰਿਸ਼ਤੇਦਾਰ ਜਾਂ ਬਜ਼ੁਰਗ)। ਜੇਕਰ ਤੁਹਾਡੇ 'ਤੇ ਜਿਨਸੀ ਪ੍ਰਹਾਰ ਕਰਨ ਵਾਲਾ ਵਿਅਕਤੀ, ਜਾਂ ਕੋਈ ਹੋਰ ਜਿਸ ਨੂੰ ਉਹ ਜਾਣਦੇ ਹਨ, ਕਦੇ ਵੀ ਤੁਹਾਨੂੰ ਪਰੇਸ਼ਾਨ ਕਰਦਾ ਹੈ – ਤਾਂ ਪੁਲਿਸ ਨੂੰ ਫ਼ੋਨ ਕਰੋ। ਜੇਕਰ ਤੁਹਾਡਾ ਮੰਨਣਾ ਹੈ ਕਿ ਤੁਸੀਂ ਖਤਰੇ ਵਿੱਚ ਹੋ, ਤਾਂ 911 'ਤੇ ਫ਼ੋਨ ਕਰੋ।

ਸੁਰੱਖਿਆ ਯੋਜਨਾ ਲੈਣ ਦਾ ਇੱਕ ਵਧੀਆ ਵਿਚਾਰ ਹੈ। ਇਹ ਤੁਹਾਨੂੰ ਯਾਦ ਦਿਵਾਏਗਾ ਕਿ ਜੇਕਰ ਤੁਸੀਂ ਖਤਰੇ ਵਿੱਚ ਹੋ ਅਤੇ ਤੁਹਾਨੂੰ ਤੇਜ਼ੀ ਨਾਲ ਕਾਰਵਾਈ ਕਰਨ ਦੀ ਜ਼ਰੂਰਤ ਹੈ, ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ। ਤੁਹਾਡੀ ਸੁਰੱਖਿਆ ਯੋਜਨਾ ਵਿੱਚ, ਤੁਸੀਂ ਉਹਨਾਂ ਸਥਾਨਾਂ ਦੀ ਸੂਚੀ ਦੇ ਸਕਦੇ ਹੋ, ਜਿੱਥੇ ਤੁਸੀਂ ਜਾਣਦੇ ਹੋ ਕਿ ਤੁਸੀਂ ਸੁਰੱਖਿਅਤ ਹੋਵੋਗੇ, ਅਤੇ ਜਿੱਥੇ ਅਜਿਹੇ ਲੋਕ ਹੋਣਗੇ ਜੋ ਤੁਹਾਡੀ ਮਦਦ ਕਰਨਗੇ। ਜੇਕਰ ਤੁਸੀਂ ਇੱਕ ਸੁਰੱਖਿਆ ਯੋਜਨਾ ਬਣਾਉਣ ਬਾਰੇ ਕਿਸੇ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਵਿਕਟਮ ਸਰਵਿਸਿਸ **ਟੋਲ ਫ੍ਰੀ 1-866-4VICTIM (1-866-484-2846)**, ਕਲੀਨਿਕ ਦੀ ਸੈਕਸ਼ੁਅਲ ਐਸਾਲਟ ਕ੍ਰਾਈਸਿਸ (Klinic's Sexual Assault Crisis) ਲਾਈਨ **1-888-292-7565**, ਕਾ ਨੀ ਕਨੀਚਿਕ ਦਾ ਹਾਰਟ ਮੈਡੀਸਨ ਲਾੱਜ (Heart Medicine Lodge) ਨਾਲ **204-953-5820** 'ਤੇ ਜਾਂ ਸਰਵਾਈਵਰਸ ਹੋਪ ਕ੍ਰਾਈਸਿਸ ਸੈਂਟਰ (ਇੰਟਰਲੇਕ) ਨਾਲ **204-753-5353** 'ਤੇ ਸੰਪਰਕ ਕਰੋ।

ਜੇਕਰ ਤੁਹਾਡੇ 'ਤੇ ਜਿਨਸੀ ਪ੍ਰਹਾਰ ਕਰਨ ਵਾਲੇ ਵਿਅਕਤੀ ਨੂੰ ਪੁਲਿਸ ਦੁਆਰਾ ਗ੍ਰਿਫਤਾਰ ਕੀਤਾ ਗਿਆ ਹੈ ਅਤੇ/ਜਾਂ ਕਿਸੇ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ, ਤਾਂ ਜੱਜ ਨੇ ਪਹਿਲਾਂ ਹੀ ਉਸ ਵਿਅਕਤੀ ਨੂੰ ਤੁਹਾਡੇ ਤੋਂ ਦੂਰ ਰਹਿਣ ਦਾ ਆਦੇਸ਼ ਦਿੱਤਾ ਹੋ ਸਕਦਾ ਹੈ।

ਹਾਲਾਂਕਿ, ਜੇਕਰ ਵਿਅਕਤੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਅਤੇ/ਜਾਂ ਦੋਸ਼ ਨਹੀਂ ਲਗਾਇਆ ਗਿਆ ਹੈ, ਤਾਂ ਤੁਸੀਂ ਕੁਝ ਖਾਸ ਕਿਸਮ ਦੇ ਅਦਾਲਤੀ ਹੁਕਮਾਂ ਲਈ ਦਰਖਾਸਤ ਦੇ ਸਕਦੇ ਹੋ ਜਿਸਦੇ ਤਹਿਤ ਵਿਅਕਤੀ ਨੂੰ ਤੁਹਾਡੇ ਤੋਂ ਦੂਰ ਰਹਿਣਾ ਜਰੂਰੀ ਹੁੰਦਾ ਹੈ ਅਤੇ ਉਹ ਉਹਨਾਂ ਸਥਾਨਾਂ 'ਤੇ ਨਹੀਂ ਜਾ ਸਕਦਾ ਜਿੱਥੇ ਤੁਸੀਂ ਅਕਸਰ ਜਾਂਦੇ ਹੋ (ਉਦਾਹਰਣ ਲਈ, ਘਰ, ਸਕੂਲ, ਕੰਮ ਦਾ ਸਥਾਨ, ਚਰਚ)। ਅਦਾਲਤੀ ਆਦੇਸ਼ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਕਿਸੇ ਨਿਆਂ ਅਧਿਕਾਰੀ (ਜਿਸ ਨੂੰ ਸ਼ਾਂਤੀ ਦਾ ਨਿਆਇਕ ਦੂਤ ਜਾਂ ਜੇਜੇਪੀ ਕਿਹਾ ਜਾਂਦਾ ਹੈ) ਨੂੰ ਮਿਲਣ ਦੀ ਲੋੜ ਹੋਵੇਗੀ। ਜੇਕਰ ਤੁਸੀਂ ਕਿਸੇ ਪੇਂਡੂ ਜਾਂ ਦੂਰ ਦੀ ਕਮਿਊਨਿਟੀ ਵਿੱਚ ਰਹਿੰਦੇ ਹੋ ਜਿੱਥੇ ਕੋਈ ਜੇਜੇਪੀ ਨਹੀਂ ਹੈ, ਤਾਂ ਤੁਸੀਂ ਫ਼ੋਨ ਰਾਹੀਂ ਮਿਲਣ ਦੇ ਯੋਗ ਹੋ ਸਕਦੇ ਹੋ। ਜੇਕਰ ਵਿਅਕਤੀ ਇਹਨਾਂ ਹੁਕਮਾਂ ਦੀ ਪਾਲਣਾ ਨਹੀਂ ਕਰਦਾ ਹੈ ਅਤੇ ਤੁਹਾਡੇ ਨਾਲ ਸੰਪਰਕ ਕਰਨ ਦਾ ਜਤਨ ਕਰਦਾ ਹੈ, ਤਾਂ ਤੁਹਾਨੂੰ ਪੁਲਿਸ ਨੂੰ ਫ਼ੋਨ ਕਰਨਾ ਚਾਹੀਦਾ ਹੈ।

### ਪ੍ਰੋਟੈਕਸ਼ਨ ਆਰਡਰ – ਘਰੇਲੂ ਹਿੰਸਾ ਅਤੇ ਪਿੱਛਾ ਕਰਨ ਦੇ ਹਾਲਤਾਂ ਲਈ

ਅਦਾਲਤੀ ਆਦੇਸ਼ ਦੀ ਸਭ ਤੋਂ ਆਮ ਕਿਸਮ ਇੱਕ ਪ੍ਰੋਟੈਕਸ਼ਨ ਆਰਡਰ ਹੁੰਦਾ ਹੈ। ਜੇਕਰ ਕਿਸੇ ਨੇ ਤੁਹਾਡਾ ਪਿੱਛਾ ਕੀਤਾ ਹੈ ਜਾਂ ਤੁਹਾਨੂੰ ਘਰੇਲੂ ਹਿੰਸਾ ਦੇ ਅਧੀਨ ਕੀਤਾ ਹੈ ਅਤੇ ਇਸ ਗੱਲ ਨੂੰ ਮੰਨਣ ਦਾ ਕਾਰਨ ਹੈ ਕਿ ਵਿਹਾਰ ਇਸ ਤਰ੍ਹਾਂ ਹੀ ਜਾਰੀ ਰਹੇਗਾ ਤਾਂ ਤੁਸੀਂ ਪ੍ਰੋਟੈਕਸ਼ਨ ਆਰਡਰ ਲਈ ਦਰਖਾਸਤ ਦੇ ਸਕਦੇ ਹੋ। ਤੁਹਾਨੂੰ ਮਦਦ ਲੈਣ ਲਈ ਅਸਲ ਵਿੱਚ ਪੀੜਤ ਹੋਣ ਤੱਕ ਉਡੀਕ ਕਰਨ ਦੀ ਲੋੜ ਨਹੀਂ ਹੁੰਦੀ ਹੈ। ਬਿਨੈਕਾਰ ਹੋਣ ਦੇ ਨਾਤੇ, ਤੁਹਾਨੂੰ ਜੇਜੇਪੀ ਨੂੰ ਸਪੱਸ਼ਟੀਕਰਨ ਦੇਣਾ ਪਵੇਗਾ ਕਿ ਤੁਹਾਨੂੰ ਆਰਡਰ ਦੀ ਲੋੜ ਕਿਉਂ ਹੈ ਅਤੇ ਤੱਥ, ਸਮਾਂ, ਤਰੀਕਾਂ ਅਤੇ ਘਟਨਾਵਾਂ ਦੀਆਂ ਥਾਵਾਂ ਦੱਸੋ, ਜੋ ਇਹ ਦਰਸਾਉਂਦੇ ਹਨ

ਕਿ ਤੁਹਾਨੂੰ ਜਰੂਰੀ ਤੌਰ 'ਤੇ ਸੁਰੱਖਿਆ ਦੀ ਲੋੜ ਕਿਉਂ ਹੈ। ਵਧੇਰੇ ਜਾਣਕਾਰੀ https://www.gov.mb.ca/justice/domestic/pdf/protection_orders.pdf 'ਤੇ ਪਾਈ ਜਾ ਸਕਦੀ ਹੈ।

ਜੇਕਰ ਤੁਸੀਂ ਜਿਨਸੀ ਸ਼ੋਸ਼ਣ ਦੇ ਇੱਕ ਬਾਲ ਪੀੜਤ ਰਹੇ ਹੋ, ਜਾਂ ਕਿਸੇ ਵੀ ਉਮਰ 'ਤੇ ਮਨੁੱਖੀ ਤਸਕਰੀ ਦੇ ਪੀੜਤ ਵਿਅਕਤੀ ਹੋ, ਤਾਂ ਤੁਸੀਂ ਇੱਕ ਵੱਖਰੀ ਕਿਸਮ ਦੇ ਪ੍ਰੋਟੈਕਸ਼ਨ ਆਰਡਰ ਲਈ ਦਰਖਾਸਤ ਵੀ ਦੇ ਸਕਦੇ ਹੋ। ਹੋਰ ਜਾਣਕਾਰੀ ਲਈ, https://www.gov.mb.ca/justice/csehtfactsheet.pdf 'ਤੇ ਜਾਓ

ਵਿਕਟਮ ਸਰਵੀਸਿਸ ਦਾ ਕਰਮਚਾਰੀ, ਜਾਂ ਤੁਹਾਡੇ ਕਮਿਊਨਿਟੀ ਵਿੱਚ ਸਥਾਨਕ ਤੌਰ 'ਤੇ ਸਿਖਲਾਈ ਪ੍ਰਾਪਤ ਕੋਈ ਵੀ ਵਿਅਕਤੀ, ਪ੍ਰੋਟੈਕਸ਼ਨ ਆਰਡਰ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਪ੍ਰੋਟੈਕਸ਼ਨ ਆਰਡਰ ਪ੍ਰਾਪਤ ਕਰਨ ਬਾਰੇ ਜਾਣਕਾਰੀ ਲਈ ਜਾਂ ਆਪਣੇ ਵਿਕਟਮ ਸਰਵੀਸਿਸ ਦੇ ਕਰਮਚਾਰੀ ਨਾਲ ਗੱਲ ਕਰਨ ਲਈ 1-866-4VICTIM (1-866-484-2846) 'ਤੇ ਫ਼ੋਨ ਕਰੋ।

ਇੱਕ ਪ੍ਰੋਟੈਕਸ਼ਨ ਆਰਡਰ ਲਈ ਕੋਈ ਖਰਚਾ ਨਹੀਂ ਲੱਗਦਾ ਹੈ। ਉਹ ਤਿੰਨ ਤੋਂ ਪੰਜ ਸਾਲਾਂ ਤੱਕ ਲਈ ਪ੍ਰਭਾਵ ਵਿੱਚ ਰਹਿੰਦੇ ਹਨ।

## ਪ੍ਰੀਵੈਨਸ਼ਨ ਆਰਡਰ (ਪ੍ਰੀਵੈਨਸ਼ਨ ਆਰਡਰ)

ਹੋਰ ਕਈ ਕਿਸਮ ਦੇ ਆਦੇਸ਼ ਹੁੰਦੇ ਹਨ ਜੋ ਕਿਸੇ ਨੂੰ ਤੁਹਾਡੇ ਨਾਲ ਸੰਪਰਕ ਕਰਨ ਤੋਂ ਰੋਕ ਸਕਦੇ ਹਨ। ਇਸ ਵਿੱਚ ਇੱਕ ਪ੍ਰੀਵੈਨਸ਼ਨ ਆਰਡਰ ਸ਼ਾਮਲ ਹੈ। ਇਸ ਕਿਸਮ ਦਾ ਆਦੇਸ਼ ਵਧੇਰੇ ਗੁੰਝਲਦਾਰ ਹੁੰਦਾ ਹੈ, ਇਸ ਵਿੱਚ ਵੱਖ-ਵੱਖ ਅਦਾਲਤੀ ਕਾਰਵਾਈਆਂ ਸ਼ਾਮਲ ਹੁੰਦੀਆਂ ਹਨ, ਅਤੇ ਤੁਹਾਨੂੰ ਆਪਣੀ ਮਦਦ ਲਈ ਇੱਕ ਵਕੀਲ ਨਿਯੁਕਤ ਕਰਨਾ ਪੈ ਸਕਦਾ ਹੈ। ਪ੍ਰੀਵੈਨਸ਼ਨ ਆਰਡਰ ਸਿਰਫ ਘਰੇਲੂ ਹਿੰਸਾ ਅਤੇ ਪਿੱਛਾ ਕਰਨ ਵਾਲੇ ਹਾਲਾਤਾਂ ਵਿੱਚ ਲਾਗੂ ਹੁੰਦਾ ਹੈ।

ਵਧੇਰੇ ਜਾਣਕਾਰੀ ਲਈ, https://www.gov.mb.ca/fs/fvpp_toolkit/pubs/protection_peace_bonds_en.pdf 'ਤੇ ਜਾਓ।

## ਪੀਸ ਬੌਂਡ (Peace Bond)

ਇੱਕ ਪੀਸ ਬੌਂਡ ਇੱਕ ਅਦਾਲਤੀ ਆਦੇਸ਼ ਹੁੰਦਾ ਹੈ ਜੋ ਕਿਸੇ ਜੱਜ ਦੁਆਰਾ ਉਸ ਸਮੇਂ ਜਾਰੀ ਕੀਤਾ ਜਾ ਸਕਦਾ ਹੈ ਜਦੋਂ ਤੁਹਾਨੂੰ ਆਪਣੇ ਆਪ, ਆਪਣੇ ਸਾਥੀ ਜਾਂ ਆਪਣੇ ਬੱਚਿਆਂ ਨੂੰ ਵਿਅਕਤੀਗਤ ਸੱਟ, ਜਾਂ ਤੁਹਾਡੀ ਜਾਇਦਾਦ ਦਾ ਨੁਕਸਾਨ ਹੋਣ ਦਾ ਡਰ ਹੁੰਦਾ ਹੈ। ਪੀਸ ਬੌਂਡ ਪ੍ਰਾਪਤ ਕਰਨ ਲਈ ਘਰੇਲੂ ਹਿੰਸਾ ਜਾਂ ਪਿੱਛਾ ਕਰਨ ਵਾਲੇ ਹਾਲਾਤਾਂ ਦੀ ਲੋੜ ਨਹੀਂ ਹੁੰਦੀ ਹੈ। ਪੀਸ ਬੌਂਡ ਇੱਕ ਪ੍ਰੋਟੈਕਸ਼ਨ ਆਰਡਰ ਨਾਲੋਂ ਵੱਖਰਾ ਹੁੰਦਾ ਹੈ, ਇਸ ਵਿੱਚ ਜਿਸ ਵਿਅਕਤੀ ਖਿਲਾਫ਼ ਤੁਸੀਂ ਆਦੇਸ਼ ਦੀ ਮੰਗ ਕਰ ਰਹੇ ਹੋ, ਉਹ ਅਦਾਲਤ ਵਿੱਚ ਪੇਸ਼ ਹੋਣਾ ਚਾਹੀਦਾ ਹੈ (ਇਹ ਉਸਦੀ ਗੈਰਹਾਜ਼ਰੀ ਵਿੱਚ ਜਾਰੀ ਨਹੀਂ ਕੀਤਾ ਜਾ ਸਕਦਾ ਹੈ)। ਪੀਸ ਬੌਂਡ ਪ੍ਰਾਪਤ ਕਰਨ ਦੇ ਦੋ ਤਰੀਕੇ ਹਨ:

1. ਤੁਸੀਂ ਪੀਸ ਬੌਂਡ ਲਈ ਆਪਣੇ ਸਥਾਨਕ ਸੂਬਾਈ ਅਦਾਲਤ ਦੇ ਦਫ਼ਤਰ ਵਿਖੇ ਦਰਖਾਸਤ ਦੇ ਸਕਦੇ ਹੋ। ਇੱਕ ਵਾਰ ਜਦੋਂ ਤੁਸੀਂ ਲਿਖਤੀ ਰੂਪ ਵਿੱਚ ਦਰਖਾਸਤ ਦੇ ਦਿੱਤੀ ਹੈ, ਤਾਂ ਤੁਹਾਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਇੱਕ ਤਾਰੀਖ ਦਿੱਤੀ ਜਾਵੇਗੀ। ਉਹ ਵਿਅਕਤੀ ਜਿਸ ਖਿਲਾਫ਼ ਤੁਸੀਂ ਆਦੇਸ਼ ਦੀ ਮੰਗ ਕਰ ਰਹੇ ਹੋ, ਉਸਨੂੰ ਮੁੱਦਾਲਾ ਕਿਹਾ ਜਾਂਦਾ ਹੈ, ਉਸ ਨੂੰ ਵੀ ਤਾਰੀਖ 'ਤੇ ਅਦਾਲਤ ਵਿੱਚ ਪੇਸ਼ ਹੋਣਾ ਚਾਹੀਦਾ ਹੈ। ਜੇਕਰ ਮੁੱਦਾਲਾ ਪੀਸ ਬੌਂਡ 'ਤੇ ਦਸਤਖਤ ਕਰਨ ਲਈ ਸਹਿਮਤ ਨਹੀਂ ਹੁੰਦਾ ਹੈ, ਤਾਂ ਕਿਸੇ ਹੋਰ ਤਾਰੀਖ ਲਈ ਸੁਣਵਾਈ ਨਿਰਧਾਰਤ ਕੀਤੀ ਜਾਵੇਗੀ।

ਇੱਕ ਸ਼ੁਰੂਆਤੀ ਅਦਾਲਤ ਦੀ ਤਾਰੀਖ ਪ੍ਰਾਪਤ ਕਰਨ ਵਿੱਚ ਕਈ ਹਫਤੇ ਲੱਗ ਸਕਦੇ ਹਨ ਅਤੇ ਜੇਕਰ ਸੁਣਵਾਈ ਕੀਤੀ ਹੀ ਜਾਣੀ ਚਾਹੀਦੀ ਹੈ ਤਾਂ ਇਸ ਲਈ ਕਈ ਮਹੀਨੇ ਲੱਗ ਸਕਦੇ ਹਨ। ਪੀਸ ਬੌਂਡ ਜ਼ ਵੱਧ ਤੋਂ ਵੱਧ ਇੱਕ ਸਾਲ ਤੱਕ ਲਈ ਜਾਰੀ ਕੀਤੇ ਜਾਂਦੇ ਹਨ। ਪੀਸ ਬੌਂਡ ਲਈ ਦਰਖਾਸਤ ਦੇਣ ਲਈ ਕੋਈ ਫੀਸ ਨਹੀਂ ਹੁੰਦੀ ਹੈ।

2. ਜਦੋਂ ਅਪਰਾਧੀ ਵਿਰੁੱਧ ਅਪਰਾਧਕ ਚਾਰਜ ਹਟਾ ਦਿੱਤਾ ਜਾਂਦਾ ਹੈ, ਜਾਂ ਅਦਾਲਤ ਵਿੱਚ, ਰੋਕ ਦਿੱਤਾ ਜਾਂਦਾ ਹੈ, ਪਰ ਪੀੜਤ ਅਜੇ ਵੀ ਡਰਿਆ ਹੋਇਆ ਹੁੰਦਾ ਹੈ ਅਤੇ ਉਹ ਸੁਰੱਖਿਆ ਸਥਿਤੀਆਂ ਲਾਗੂ ਕਰਵਾਉਣਾ ਚਾਹੁੰਦਾ ਹੈ, ਤਾਂ ਜੱਜ ਪੀਸ ਬੌਂਡ ਦਾ ਆਦੇਸ਼ ਦੇ ਸਕਦਾ ਹੈ।

## ਮੈਂ ਹੋਰ ਕੀ ਕਰ ਸਕਦਾ ਹਾਂ?

ਪ੍ਰੋਟੈਕਸ਼ਨ ਆਰਡਰ ਹੋਣਾ ਇੱਕ ਵਧੀਆ ਸਾਧਨ ਹੁੰਦਾ ਹੈ, ਪਰ ਇਹ ਤੁਹਾਡੀ ਸੁਰੱਖਿਆ ਦੀ ਗਾਰੰਟੀ ਨਹੀਂ ਕਰਦਾ ਹੈ। ਆਪਣੀ ਸੁਰੱਖਿਆ ਯੋਜਨਾ ਦਾ ਇਸਤੇਮਾਲ ਕਰਨਾ ਜਾਰੀ ਰੱਖੋ। ਤੁਹਾਨੂੰ ਸੁਰੱਖਿਅਤ ਮਹਿਸੂਸ ਕਰਾਉਣ ਵਿੱਚ ਸਹਾਇਤਾ ਕਰਨ ਲਈ ਇੱਥੇ ਕੁਝ ਹੋਰ ਸੁਝਾਅ ਹਨ ਜਿਨ੍ਹਾਂ 'ਤੇ ਤੁਸੀਂ ਵਿਚਾਰ ਕਰ ਸਕਦੇ ਹੋ (ਸਰੋਤ: http://www.thehotline.org/help/path-to-safety/)। ਇਹ ਯਾਦ ਰੱਖੋ ਕਿ ਤੁਸੀਂ ਚਾਹੇ ਕੋਈ ਵੀ ਸੁਰੱਖਿਆ ਉਪਾਅ ਕਰੋ, ਜੇਕਰ ਕੁਝ ਵੀ ਵਾਪਰਿਆ, ਉਸ ਵਿੱਚ ਤੁਹਾਡੀ ਕੋਈ ਗਲਤੀ ਨਹੀਂ ਹੈ।



- ਆਪਣੇ ਤਾਲੇ ਅਤੇ ਫ਼ੋਨ ਨੰਬਰ ਬਦਲੋ।
- ਕਾਲਰ ਆਈਡੀ ਸੇਵਾ ਦੀ ਬੇਨਤੀ ਕਰਨ ਲਈ ਆਪਣੀ ਫ਼ੋਨ ਕੰਪਨੀ ਨੂੰ ਫ਼ੋਨ ਕਰੋ। ਆਪਣੇ ਫ਼ੋਨ ਨੰਬਰ ਨੂੰ ਬਲੌਕ ਕਰਨ ਲਈ ਕਹੋ, ਇਕ ਵਾਰ ਜਦੋਂ ਤੁਹਾਡਾ ਨੰਬਰ ਬਲੌਕ ਹੋ ਜਾਂਦਾ ਹੈ, ਤਾਂ ਜੇਕਰ ਤੁਸੀਂ ਕਿਸੇ ਨੂੰ ਫ਼ੋਨ ਕਰਦੇ ਹੋ, ਤਾਂ ਉਹ ਵਿਅਕਤੀ ਤੁਹਾਡਾ ਨਵਾਂ, ਅਸੂਚੀਬੱਧ ਫ਼ੋਨ ਨੰਬਰ ਪ੍ਰਾਪਤ ਨਹੀਂ ਕਰ ਸਕਦਾ ਹੈ।
- ਆਪਣੇ ਕੰਮ ਦਾ ਸਮਾਂ ਅਤੇ ਕੰਮ 'ਤੇ ਜਾਣ ਲਈ ਆਪਣੇ ਰਸਤੇ ਨੂੰ ਬਦਲੋ।
- ਜੇਕਰ ਤੁਸੀਂ ਜਾਂ ਤੁਹਾਡੇ ਬੱਚੇ ਸਕੂਲ ਜਾਂਦੇ ਹਨ, ਤਾਂ ਸਕੂਲ ਦੇ ਅਧਿਕਾਰੀਆਂ ਨੂੰ ਆਪਣੀ ਸਥਿਤੀ ਬਾਰੇ ਦੱਸੋ।
- ਜੇਕਰ ਤੁਹਾਡੇ ਕੋਲ ਅਦਾਲਤੀ ਆਦੇਸ਼(ਉਦਾਹਰਣ ਲਈ, ਸੰਪਰਕ ਸੰਬੰਧੀ ਆਦੇਸ਼ ਜਾਂ ਪ੍ਰੋਟੈਕਸ਼ਨ ਆਰਡਰ) ਹੈ, ਤਾਂ ਇਸ ਦੀ ਕਾਪੀ ਆਪਣੇ ਨਾਲ ਹਰ ਸਮੇਂ ਰੱਖੋ।
- ਆਪਣੇ ਦੋਸਤਾਂ, ਗੁਆਂਢੀਆਂ ਅਤੇ ਰੋਜ਼ਗਾਰ ਪ੍ਰਦਾਤਾ ਨੂੰ ਦੱਸੋ ਕਿ ਤੁਹਾਡੇ ਕੋਲ ਪ੍ਰਭਾਵੀ ਪ੍ਰੋਟੈਕਸ਼ਨ ਆਰਡਰਹੈ।
- ਅਪਰਾਧੀ ਦੀ ਫੋਟੋ ਦੇ ਨਾਲ ਪ੍ਰੋਟੈਕਸ਼ਨ ਆਰਡਰ ਦੀਆਂ ਨਕਲਾਂ ਰੋਜ਼ਗਾਰ ਪ੍ਰਦਾਤਾ, ਗੁਆਂਢੀਆਂ ਅਤੇ ਸਕੂਲਾਂ ਨੂੰ ਦਿਓ।
- ਕਿਸੇ ਪੋਸਟ ਆਫ਼ਿਸ ਬਾਕਸ ਨੂੰ ਕਿਰਾਏ 'ਤੇ ਲੈਣ ਜਾਂ ਆਪਣੀ ਮੇਲ ਲਈ ਕਿਸੇ ਮਿੱਤਰ ਦੇ ਪਤੇ ਦੀ ਵਰਤੋਂ ਕਰਨ 'ਤੇ ਵਿਚਾਰ ਕਰੋ।
- ਆਪਣਾ ਨਵਾਂ ਪਤਾ ਅਤੇ ਫ਼ੋਨ ਨੰਬਰ ਦੇਣ ਸਮੇਂ ਸਾਵਧਾਨ ਰਹੋ।
- ਕਿਸੇ ਵੀ ਮੁਲਾਕਾਤ ਨੂੰ ਮੁੜ ਨਿਰਧਾਰਤ ਕਰੋ ਜਿਹਨਾਂ ਬਾਰੇ ਅਪਰਾਧੀ ਨੂੰ ਪਤਾ ਹੋ ਸਕਦਾ ਹੈ।
- ਸੋਸ਼ਲ ਮੀਡੀਆ 'ਤੇ ਗੁਪਤਤਾ ਸੈਟਿੰਗ ਦੀ ਸਮੀਖਿਆ ਕਰੋ ਅਤੇ ਤੁਹਾਡੇ ਦੁਆਰਾ ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ 'ਤੇ ਵਿਚਾਰ ਕਰੋ
- ਲੋਕਾਂ ਨਾਲ ਮੇਲ-ਜੋਲ ਲਈ ਵੱਖੋ-ਵੱਖਰੇ ਸਟੋਰਾਂ ਅਤੇ ਥਾਵਾਂ ਦੀ ਵਰਤੋਂ ਕਰੋ ਬਜਾਏ ਕਿ ਜਿੱਥੇ ਤੁਸੀਂ ਆਮ ਤੌਰ 'ਤੇ ਜਾਂਦੇ ਹੋ।
- ਗੁਆਂਢੀਆਂ ਨੂੰ ਸਾਵਧਾਨ ਕਰੋ ਅਤੇ ਉਹਨਾਂ ਨੂੰ ਕਹੋ ਕਿ ਜੇਕਰ ਉਹ ਮਹਿਸੂਸ ਕਰਦੇ ਹਨ ਕਿ ਤੁਸੀਂ ਖ਼ਤਰੇ ਵਿੱਚ ਹੋ, ਤਾਂ ਉਹ ਪੁਲਿਸ ਨੂੰ ਫ਼ੋਨ ਕਰਨ।
- ਆਪਣੇ ਸਹਿ-ਕਰਮਚਾਰੀਆਂ ਨੂੰ ਸਥਿਤੀ ਬਾਰੇ ਦੱਸੋ ਅਤੇ ਜੇਕਰ ਸੰਭਵ ਹੋਵੇ, ਤਾਂ ਆਪਣੀਆਂ ਕਾਲਾਂ ਦੀ ਸਕ੍ਰੀਨਿੰਗ ਕਰਾਓ।
- ਉਹਨਾਂ ਲੋਕਾਂ ਨੂੰ ਆਪਣੇ ਹਾਲਾਤ ਬਾਰੇ ਸਮਝਾਓ ਜੋ ਤੁਹਾਡੇ ਬੱਚਿਆਂ ਦੀ ਦੇਖਭਾਲ ਕਰਦੇ ਹਨ ਜਾਂ ਉਹਨਾਂ ਨੂੰ ਸਕੂਲ ਅਤੇ ਗਤੀਵਿਧੀਆਂ 'ਤੇ ਲੈਕੇ ਜਾਂਦੇ ਹਨ/ਵਾਪਸ ਲਿਆਉਂਦੇ ਹਨ, ਅਤੇ ਉਹਨਾਂ ਨੂੰ ਪ੍ਰੋਟੈਕਸ਼ਨ ਆਰਡਰ ਦੀ ਇੱਕ ਨਕਲ ਦਿਓ।

# ਮੇਰੇ ਕੋਲ ਹੋਰ ਕਿਹੜੇ ਵਿਕਲਪ ਹਨ?

## ਰਿਪੋਰਟ ਕਰਨ ਦੀਆਂ ਹੋਰ ਕਿਸਮਾਂ

ਕਿਸੇ ਜਿਨਸੀ ਪ੍ਰਹਾਰ ਦੀ ਸੂਚਨਾ ਪੁਲਿਸ ਨੂੰ ਦੇਣ ਦਾ ਨਤੀਜਾ ਪ੍ਰਹਾਰਵਰ ਦੇ ਖਿਲਾਫ਼ ਇੱਕ ਅਪਰਾਧਕ ਦੋਸ਼ ਹੋ ਸਕਦਾ ਹੈ, ਇਸਦਾ ਮਤਲਬ ਇਹ ਹੈ ਕਿ ਪੁਲਿਸ ਕੋਲ ਸਬੂਤ ਹਨ ਕਿ ਵਿਅਕਤੀ ਨੇ ਕਾਨੂੰਨ ਤੋੜਿਆ ਹੈ।

ਜਿਨਸੀ ਪ੍ਰਹਾਰ ਜਾਂ ਅਣਉਚਿਤ ਜਿਨਸੀ ਵਿਹਾਰ ਕਿੱਥੇ ਜਾਂ ਕਦੋਂ ਕੀਤਾ ਗਿਆ ਸੀ, ਇਸ ਗੱਲ 'ਤੇ ਨਿਰਭਰ ਕਰਦੇ ਹੋਏ, ਪੁਲਿਸ ਨੂੰ ਸੂਚਨਾ ਦੇਣ ਤੋਂ ਇਲਾਵਾ, ਤੁਹਾਡੇ ਲਈ ਕਈ ਹੋਰ ਵਿਕਲਪ ਉਪਲਬਧ ਹਨ।

## ਤੀਜੀ ਧਿਰ ਨੂੰ ਸੂਚਨਾ ਦੇਣਾ

ਮੈਨੀਟੋਬਾ ਵਿੱਚ, ਕਿਸੇ ਜਿਨਸੀ ਪ੍ਰਹਾਰ ਬਾਰੇ ਤੀਜੀ ਧਿਰ ਨੂੰ ਸੂਚਨਾ ਦੇਣਾ ਸੰਭਵ ਹੈ। ਇਸ ਦਾ ਮਤਲਬ ਇਹ ਹੈ ਕਿ ਤੁਸੀਂ ਕਿਸੇ ਕਮਿਊਨਿਟੀ-ਅਧਾਰਤ ਏਜੰਸੀ (ਪੁਲਿਸ ਨਹੀਂ) ਨੂੰ ਕਿਸੇ ਜਿਨਸੀ ਪ੍ਰਹਾਰ ਦੀ ਸੂਚਨਾ ਦੇਣ ਦੀ ਚੋਣ ਕਰ ਸਕਦੇ ਹੋ। ਇਹ ਏਜੰਸੀ ਫਿਰ ਪੁਲਿਸ ਨਾਲ ਤੁਹਾਡੀ ਪਛਾਣ ਸਾਂਝੀ ਕੀਤੇ ਬਿਨਾਂ, ਤੁਹਾਡੀ ਤਰਫੋਂ ਪੁਲਿਸ ਨੂੰ ਸੂਚਨਾ ਦੇਵੇਗੀ। ਜੇਕਰ ਤੁਸੀਂ ਇਸ ਵਿਕਲਪ ਦੀ ਚੋਣ ਕਰਦੇ ਹੋ, ਤਾਂ ਸੁਚੇਤ ਰਹੋ ਕਿ ਜੇ ਪੁਲਿਸ ਸਿੱਧੇ ਤੁਹਾਡੇ ਨਾਲ ਗੱਲ ਨਹੀਂ ਕਰ ਸਕਦੀ ਹੈ ਤਾਂ ਉਹ ਉਸ ਕਾਰਵਾਈ ਵਿੱਚ ਸੀਮਿਤ ਹੋ ਸਕਦੀ ਹੈ ਜੋ ਉਹ ਕਰ ਸਕਦੀ ਹੈ। ਤੀਜੀ-ਧਿਰ ਨੂੰ ਸੂਚਨਾ ਦੇਣ ਬਾਰੇ ਵਧੇਰੇ ਜਾਣਕਾਰੀ ਲਈ, ਜਾਂ ਵਿਨੀਪੈੱਗ ਤੋਂ ਬਾਹਰ ਤੀਜੀ ਧਿਰ ਨੂੰ ਸੂਚਨਾ ਦੇਣ ਲਈ, ਕਲੀਨਿਕ ਦੀ ਸੈਕਸ਼ੁਅਲ ਐਸਾਲਟ ਕ੍ਰਾਈਸਿਸ ਲਾਈਨ (Klinic Sexual Assault Crisis line) ਨੂੰ **1-888-292-7565** 'ਤੇ ਫ਼ੋਨ ਕਰੋ। ਵਿਨੀਪੈੱਗ ਵਿੱਚ, ਤੀਜੇ ਧਿਰ ਨੂੰ ਸੂਚਨਾ ਦੇਣ ਲਈ, ਤੁਸੀਂ **204-953-5820** 'ਤੇ ਕਲੀਨਿਕ (Klinic), ਕਾ ਨੀ ਕਨੀਚਿਕ ਦੇ ਹਾਰਟ ਮੈਡੀਸਨ ਲਾਜ (Heart Medicine Lodge), ਜਾਂ **204-943-6379** 'ਤੇ ਸੇਜ ਹਾਊਸ (Sage House) ਨਾਲ ਸੰਪਰਕ ਕਰ ਸਕਦੇ ਹੋ।

## ਪੋਸਟ–ਸੈਕੰਡਰੀ ਸੰਸਥਾਨਾਂ ਵਿਖੇ ਜਿਨਸੀ ਪ੍ਰਹਾਰ ਦਾ ਖੁਲਾਸਾ ਕਰਨਾ

ਮੈਨੀਟੋਬਾ ਵਿੱਚ, ਕੁਝ ਅਜਿਹੇ ਕਾਨੂੰਨ ਹਨ ਜਿਹਨਾਂ ਨੂੰ ਜਿਨਸੀ ਪ੍ਰਹਾਰ ਅਤੇ ਸ਼ੋਸ਼ਣ ਸਮੇਤ, ਪੋਸਟ-ਸੈਕੰਡਰੀ ਸੰਸਥਾਨਾਂ (ਯੂਨੀਵਰਸਿਟੀਆਂ, ਕਾਲਜ ਅਤੇ ਪ੍ਰਾਈਵੇਟ ਵੋਕੇਸ਼ਨਲ ਸੰਸਥਾਵਾਂ ਸਮੇਤ) ਵਿਖੇ ਜਿਨਸੀ ਹਿੰਸਾ ਨੂੰ ਸੰਬੋਧਿਤ ਕਰਨ ਵਾਲੀਆਂ ਨੀਤੀਆਂ ਦੀ ਲੋੜ ਹੁੰਦੀ ਹੈ। ਇਹਨਾਂ ਨੀਤੀਆਂ ਵਿੱਚ ਵਿਅਕਤੀਆਂ ਲਈ ਜਿਨਸੀ ਹਿੰਸਾ ਦੀਆਂ ਘਟਨਾਵਾਂ ਦੀ ਸੂਚਨਾ ਦੇਣ ਦੀ ਕੋਈ ਪ੍ਰਕਿਰਿਆ ਸ਼ਾਮਲ ਹੋਣੀ ਚਾਹੀਦੀ ਹੈ। ਨੀਤੀਆਂ ਨੂੰ ਪ੍ਰਹਾਰ ਤੋਂ ਬਚੇ ਲੋਕਾਂ ਦੀ ਸਹਾਇਤਾ ਕਰਨ ਅਤੇ ਵਿਦਿਆਰਥੀਆਂ ਨੂੰ ਆਵਾਸ ਪ੍ਰਦਾਨ ਕਰਨ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ।

2018 ਦੇ ਅੰਤ ਤੱਕ, ਸਾਰਿਆਂ ਪੋਸਟ-ਸੈਕੰਡਰੀ ਸੰਸਥਾਨਾਂ ਵਿੱਚ ਇਹ ਨੀਤੀਆਂ ਲਾਗੂ ਹੋਣੀਆਂ ਚਾਹੀਦੀਆਂ ਹਨ। ਸੰਸਥਾ 'ਤੇ ਨਿਰਭਰ ਕਰਦੇ ਹੋਏ, ਪ੍ਰਕਿਰਿਆਵਾਂ ਵੱਖਰੀਆਂ ਹੋਣਗੀਆਂ। ਇਹ ਜਾਣਨ ਲਈ ਕਿ ਕਿਹੜੀਆਂ ਪ੍ਰਕਿਰਿਆਵਾਂ ਮੌਜੂਦ ਹਨ ਅਤੇ ਉਹ ਕਿਵੇਂ ਤੁਹਾਡੀ ਮਦਦ ਕਰ ਸਕਦੀਆਂ ਹਨ, ਆਪਣੀ ਪੋਸਟ-ਸੈਕੰਡਰੀ ਸੰਸਥਾ ਨਾਲ ਸੰਪਰਕ ਕਰੋ।

## ਮੈਨੀਟੋਬਾ ਹਿਊਮਨ ਰਾਈਟਜ਼ ਕੋਡ ਅਤੇ ਜਿਨਸੀ ਸ਼ੋਸ਼ਣ

ਮੈਨੀਟੋਬਾ ਹਿਊਮਨ ਰਾਈਟਜ਼ ਕੋਡ ਜਿਨਸੀ ਪਰੇਸ਼ਾਨੀ ਨੂੰ ਰੋਕਦਾ ਹੈ, ਜਿਸ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਜਾਂਦਾ ਹੈ:

- ਇਤਰਾਜ਼ਯੋਗ ਅਤੇ ਅਣਚਾਹੀਆਂ ਜਿਨਸੀ ਮੰਗਾਂ ਜਾਂ ਕਦਮਾਂ ਦੀ ਇੱਕ ਲੜੀ
- ਕਿਸੇ ਵਿਅਕਤੀ ਦੁਆਰਾ ਅਧਿਕਾਰੀ ਦੀ ਸਥਿਤੀ ਵਿੱਚ ਜਿਨਸੀ ਮੰਗ ਕਰਨਾ ਜਾਂ ਕੋਈ ਅਨੁਚਿਤ ਕਦਮ ਚੁਕਣਾ, ਜੇਕਰ ਉਸ ਵਿਅਕਤੀ ਨੂੰ ਉਚਿਤ ਰੂਪ ਵਿੱਚ ਇਹ ਪਤਾ ਹੈ ਕਿ ਉਸ ਦਾ ਵਿਹਾਰ ਸਵੀਕਾਰ ਨਹੀਂ ਕੀਤਾ ਜਾਵੇਗਾ
- ਕਿਸੇ ਜਿਨਸੀ ਮੰਗ ਜਾਂ ਅਨੁਚਿਤ ਕਦਮ ਨੂੰ ਮਨਾ ਕਰਨ ਲਈ ਕਿਸੇ ਦੇ ਖਿਲਾਫ ਜਵਾਬੀ ਕਾਰਵਾਈ ਕਰਨਾ

ਕੋਡ ਦੇ ਤਹਿਤ, ਰੋਜ਼ਗਾਰ ਪ੍ਰਦਾਤਾ, ਲੈਂਡਲਾਰਡ ਅਤੇ ਸੇਵਾ ਪ੍ਰਦਾਤਾ ਇੱਕ ਸ਼ੋਸ਼ਣ-ਮੁਕਤ ਮਾਹੌਲ ਮੁਹੱਈਆ ਕਰਵਾਉਣ ਲਈ ਜ਼ੁੰਮੇਵਾਰ ਹੁੰਦੇ ਹਨ। ਇਨ੍ਹਾਂ ਵਿਅਕਤੀਆਂ ਨੂੰ ਦੂਜਿਆਂ ਦਾ ਸ਼ੋਸ਼ਣ ਨਹੀਂ ਕਰਨਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕ ਸ਼ੋਸ਼ਣ ਤੋਂ ਸੁਰੱਖਿਅਤ ਹਨ। ਜੇਕਰ ਇਨ੍ਹਾਂ ਵਿਅਕਤੀਆਂ ਨੂੰ ਕਿਸੇ ਸ਼ੋਸ਼ਣ ਸੰਬੰਧੀ ਚਿੰਤਾ ਤੋਂ ਜਾਣੂ ਕਰਵਾਇਆ ਜਾਂਦਾ ਹੈ, ਤਾਂ ਉਹਨਾਂ ਨੂੰ ਚਿੰਤਾ ਦੇ ਸੰਬੰਧ ਵਿੱਚ ਜਾਂਚ ਕਰਨ ਅਤੇ ਸ਼ੋਸ਼ਣ ਨੂੰ ਰੋਕਣ ਲਈ ਉਚਿਤ ਕਦਮ ਚੁੱਕਣੇ ਚਾਹੀਦੇ ਹਨ। ਇਸ ਵਿੱਚ ਮੌਜੂਦਾ ਜਾਂ ਸੰਭਾਵੀ ਕਰਮਚਾਰੀ, ਸਹਿ-ਕਰਮਚਾਰੀ, ਕਲਾਇੰਟ ਜਾਂ ਗਾਹਕ ਦਾ ਸ਼ੋਸ਼ਣ ਸ਼ਾਮਲ ਹੁੰਦਾ ਹੈ।

ਜੇਕਰ ਤੁਸੀਂ ਆਪਣੇ ਰੋਜ਼ਗਾਰ ਪ੍ਰਦਾਤਾ/ਲੈਂਡਲਾਰਡ ਜਾਂ ਕਿਸੇ ਸੇਵਾ ਪ੍ਰਦਾਤਾ ਦੁਆਰਾ ਸ਼ੋਸ਼ਣ ਦਾ ਸਾਹਮਣਾ ਕੀਤਾ ਹੈ, ਜਾਂ ਜੇਕਰ ਤੁਸੀਂ ਮੰਨਦੇ ਹੋ ਕਿ ਇਹਨਾਂ ਵਿਅਕਤੀਆਂ ਨੇ ਤੁਹਾਡੀ ਸ਼ੋਸ਼ਣ ਦੀ ਸ਼ਿਕਾਇਤ ਪ੍ਰਤੀ ਸਹੀ ਢੰਗ ਨਾਲ ਪ੍ਰਤੀਕਿਰਿਆ ਨਹੀਂ ਦਿੱਤੀ ਹੈ, ਤਾਂ ਤੁਸੀਂ ਮੈਨੀਟੋਬਾ ਹਿਊਮਨ ਰਾਈਟਜ਼ ਕਮੀਸ਼ਨ (Manitoba Human Rights Commission) ਨੂੰ ਸੂਚਨਾ ਦੇ ਸਕਦੇ ਹੋ (ਹੇਠਾਂ ਵੇਖੋ)। ਕਿਰਪਾ ਕਰਕੇ ਧਿਆਨ ਦਿਓ ਕਿ ਜਿਨਸੀ ਸ਼ੋਸ਼ਣ ਇੱਕ ਅਪਰਾਧਕ ਜੁਰਮ ਨਹੀਂ ਹੁੰਦਾ ਹੈ।

## ਕੰਮ ਦੇ ਸਥਾਨ 'ਤੇ ਜਿਨਸੀ ਸ਼ੋਸ਼ਣ – ਕੰਮ ਦੇ ਸਥਾਨ ਦੇ ਸਿਹਤ ਅਤੇ ਸੁਰੱਖਿਆ ਨਿਯਮ

ਕੰਮ ਦੇ ਸਥਾਨ ਦੇ ਸਿਹਤ ਅਤੇ ਸੁਰੱਖਿਆ ਨਿਯਮ ਇਸ ਗੱਲ ਨੂੰ ਜ਼ਰੂਰੀ ਕਰਦੇ ਹਨ ਕਿ ਮੈਨੀਟੋਬਾ ਵਿੱਚ ਸਾਰੇ ਕਾਰਜ ਸਥਾਨਾਂ 'ਤੇ ਸ਼ੋਸ਼ਣ ਦੀ ਰੋਕਥਾਮ ਸੰਬੰਧੀ ਇੱਕ ਲਿਖਤੀ ਨੀਤੀ ਹੋਣੀ ਚਾਹੀਦੀ ਹੈ। ਇਸ ਨੀਤੀ ਵਿੱਚ ਇਸ ਬਾਰੇ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ ਕਿ ਕਿਵੇਂ:

- ਕਿਸੇ ਸ਼ੋਸ਼ਣ ਸੰਬੰਧੀ ਸ਼ਿਕਾਇਤ ਕਰਨੀ ਹੈ
- ਕਿਸੇ ਸ਼ੋਸ਼ਣ ਦੀ ਸ਼ਿਕਾਇਤ ਦੀ ਜਾਂਚ ਕੀਤੀ ਜਾਵੇਗੀ
- ਸ਼ਿਕਾਇਤਕਰਤਾ ਅਤੇ ਕਥਿਤ ਸ਼ੋਸ਼ਣ ਕਰਨ ਵਾਲੇ ਨੂੰ ਜਾਂਚ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਵੇਗਾ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕੰਮ ਦੇ ਸਥਾਨ ਨੇ ਤੁਹਾਡੀ ਸ਼ੋਸ਼ਣ ਦੀ ਸ਼ਿਕਾਇਤ ਦਾ ਠੀਕ ਢੰਗ ਨਾਲ ਜਵਾਬ ਨਹੀਂ ਦਿੱਤਾ ਹੈ, ਜਾਂ ਤੁਹਾਡੇ ਕੰਮ ਦੇ ਸਥਾਨ 'ਤੇ ਜਿਨਸੀ ਸ਼ੋਸ਼ਣ ਬਾਰੇ ਕੋਈ ਸ਼ਿਕਾਇਤ ਕਰਨ ਬਾਰੇ ਵਧੇਰੇ ਜਾਣਕਾਰੀ ਲਈ, ਸੇਫ ਵਰਕ ਮੈਨੀਟੋਬਾ (Safe Work Manitoba) ਨੂੰ **1-855-957-SAFE (7233)** 'ਤੇ ਸੰਪਰਕ ਕਰੋ।

## ਮੈਨੀਟੋਬਾ ਹਿਊਮਨ ਰਾਈਟਜ਼ ਕਮੀਸ਼ਨ (Manitoba Human Rights Commission) ਨੂੰ ਸੂਚਨਾ ਦੇਣਾ

ਜੇਕਰ ਰੋਜ਼ਗਾਰ ਪ੍ਰਦਾਤਾ, ਲੈਂਡਲਾਰਡ, ਸੇਵਾ ਪ੍ਰਦਾਤਾ ਜਾਂ ਕਾਰੋਬਾਰ ਦਾ ਮਾਲਕ ਤੁਹਾਡੀ ਚਿੰਤਾ ਦੇ ਸਬੰਧ ਵਿੱਚ ਤੁਰੰਤ ਅਤੇ ਪ੍ਰਭਾਵੀ ਕਾਰਵਾਈ ਕਰਨ ਵਿੱਚ ਅਸਫਲ ਹੈ, ਤਾਂ ਤੁਸੀਂ ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਾਉਣ ਲਈ ਮੈਨੀਟੋਬਾ ਹਿਊਮਨ ਰਾਈਟਜ਼ ਕਮੀਸ਼ਨ ਨਾਲ ਸੰਪਰਕ ਕਰ ਸਕਦੇ ਹੋ।

ਮੈਨੀਟੋਬਾ ਹਿਊਮਨ ਰਾਈਟਜ਼ ਕਮੀਸ਼ਨ ਨਾਲ **1-888-884-8681** 'ਤੇ ਟੋਲ-ਫ੍ਰੀ ਪਹੁੰਚ ਕੀਤੀ ਜਾ ਸਕਦਾ ਹੈ ਜਾਂ ਤੁਸੀਂ ਉਹਨਾਂ ਦੀ ਵੈਬਸਾਈਟ http://manitobahumanrights.ca/v1/education-resources/resources/harassment-and-sexual-harassment.html 'ਤੇ ਸੰਪਰਕ ਕਰ ਸਕਦੇ ਹੋ।

ਜੇਕਰ ਤੁਸੀਂ ਕੋਈ ਮਨੁੱਖੀ ਅਧਿਕਾਰਾਂ ਦੀ ਸ਼ਿਕਾਇਤ ਦਰਜ ਕਰਨ ਦੀ ਚੋਣ ਕਰਦੇ ਹੋ, ਤਾਂ ਕਮੀਸ਼ਨ ਇਸ ਦੀ ਜਾਂਚ ਕਰੇਗਾ ਅਤੇ ਇਹ ਫ਼ੈਸਲਾ ਕਰੇਗਾ ਕਿ ਕੀ ਸ਼ਿਕਾਇਤ ਦੀ ਜਨਤਕ ਸੁਣਵਾਈ ਦੀ ਲੋੜ ਲਈ ਹਿਊਮਨ ਰਾਈਟਜ਼ ਕੋਡ ਦੀ ਉਲੰਘਣਾ ਦੇ ਕਾਫ਼ੀ ਸਬੂਤ ਉਪਲਬਧ ਹਨ ਜਾਂ ਨਹੀਂ। ਕਿਸੇ ਸ਼ਿਕਾਇਤ ਦਾ ਮੁਲਾਂਕਣ ਕਰਦੇ ਸਮੇਂ, ਕਮੀਸ਼ਨ ਵਿਤਕਰੇ ਨੂੰ ਖ਼ਤਮ ਕਰਨ ਵਿੱਚ ਜਨਤਾ ਦੇ ਹਿੱਤ ਨੂੰ ਦਰਸਾਉਂਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਰੋਜ਼ਗਾਰ ਪ੍ਰਦਾਤਾ, ਲੈਂਡਲਾਰਡ ਅਤੇ ਸੇਵਾ ਪ੍ਰਦਾਤਾ ਕੋਡ ਦੀ ਪਾਲਣਾ ਕਰਦੇ ਹਨ। ਜੇਕਰ ਕਮਿਸ਼ਨ ਇਹ ਨਿਰਧਾਰਤ ਕਰਦਾ ਹੈ ਕਿ ਕੋਡ ਦੀ ਉਲੰਘਣਾ ਕੀਤੀ ਗਈ ਹੈ, ਤਾਂ ਉਹ ਉਸ ਵਿਅਕਤੀ ਨੂੰ, ਜੋ ਸ਼ਿਕਾਇਤ ਦੇ ਅਧੀਨ ਹੈ, ਇਹ ਆਦੇਸ਼ ਦੇ ਸਕਦਾ ਹੈ ਕਿ ਉਹ ਸ਼ੋਸ਼ਣ ਦੇ ਦੁਬਾਰਾ ਨਾ ਵਾਪਰਨ ਨੂੰ ਯਕੀਨੀ ਬਣਾਉਣ ਲਈ ਕਦਮ ਚੁੱਕਣ। ਉਸ ਵਿਅਕਤੀ ਨੂੰ ਸ਼ੋਸ਼ਣ ਦੇ ਕਾਰਨ ਲੱਗੀ ਆਨ, ਭਾਵਨਾਵਾਂ ਜਾਂ ਸਵੈ-ਮਾਣ ਦੀ ਸੱਟ ਲਈ ਅਤੇ ਵਿੱਤੀ ਨੁਕਸਾਨ ਲਈ ਸ਼ਿਕਾਇਤ ਦਾ ਮੁਆਵਜ਼ਾ ਦੇਣ ਦਾ ਆਦੇਸ਼ ਵੀ ਦਿੱਤਾ ਜਾ ਸਕਦਾ ਹੈ।

ਕਮੀਸ਼ਨ ਕਿਸੇ ਸੁਣਵਾਈ ਦੀ ਲੋੜ ਤੋਂ ਬਗੈਰ, ਧਿਰਾਂ ਨੂੰ ਸ਼ਿਕਾਇਤ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਦਾ ਮੌਕਾ ਦੇਣ ਲਈ ਸ਼ਿਕਾਇਤ ਦੀ ਪ੍ਰਕਿਰਿਆ ਵਿੱਚ ਵੱਖ-ਵੱਖ ਪੜਾਵਾਂ 'ਤੇ ਵਿਚੋਲਗੀ ਦੀ ਪੇਸ਼ਕਸ਼ ਵੀ ਕਰਦਾ ਹੈ।

ਕਲੀਨਿਕ ਸੈਕਸ਼ੁਅਲ ਐਸਾਲਟ ਪ੍ਰੋਗਰਾਮ (Sexual Assault Program) ਤੋਂ ਇੱਕ ਸਹਾਇਕ ਵਿਅਕਤੀ ਇਸ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਜੇਕਰ ਲੋੜੀਂਦਾ ਹੋਵੇ, ਤਾਂ ਹਿਊਮਨ ਰਾਈਟਜ਼ ਕਮੀਸ਼ਨ ਨਾਲ ਮੁਲਾਕਾਤਾਂ ਵਿੱਚ ਤੁਹਾਡੇ ਨਾਲ ਜਾ ਸਕਦਾ ਹੈ।

## ਨਿਯਮਤ ਪੇਸ਼ਾਵਰ ਸੰਸਥਾਵਾਂ ਨੂੰ ਸੂਚਨਾ ਦੇਣਾ

ਜੇਕਰ ਤੁਸੀਂ ਆਪਣੇ ਕਾਰਜ ਸਥਾਨ ਰਾਹੀਂ ਕਿਸੇ ਯੂਨੀਅਨ ਨਾਲ ਸੰਬੰਧਤ ਹੋ ਤਾਂ ਤੁਸੀਂ ਸਹਾਇਤਾ ਅਤੇ ਸਲਾਹ ਲਈ ਉਨ੍ਹਾਂ ਨਾਲ ਵੀ ਸੰਪਰਕ ਕਰ ਸਕਦੇ ਹੋ ਕਿਉਂਕਿ ਤੁਹਾਡਾ ਸਮੂਹਿਕ ਸਮਝੌਤਾ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਅਤੇ ਸ਼ੋਸ਼ਣ ਵਿਰੋਧੀ ਪ੍ਰਾਵਧਾਨ 'ਤੇ ਵਿਚਾਰ ਕਰੇਗਾ। ਜੇਕਰ ਤੁਹਾਡੇ ਕਾਰਜ ਸਥਾਨ ਦਾ ਇੱਕ ਕਰਮਚਾਰੀ ਸਹਾਇਤਾ ਪ੍ਰੋਗਰਾਮ ਹੈ (ਜਿੱਥੇ ਤੁਸੀਂ ਕਾਉਂਸਲਿੰਗ ਕਰ ਸਕਦੇ ਹੋ ਜਾਂ ਕਾਰਜ ਸਥਾਨ ਦੇ ਮਸਲਿਆਂ ਜਾਂ ਸਮੱਸਿਆਵਾਂ ਬਾਰੇ ਗੱਲ ਕਰ ਸਕਦੇ ਹੋ), ਤਾਂ ਤੁਸੀਂ ਮਦਦ ਲਈ ਉਹਨਾਂ ਨਾਲ ਵੀ ਸੰਪਰਕ ਕਰ ਸਕਦੇ ਹੋ।

ਜੇਕਰ ਉਹ ਵਿਅਕਤੀ ਜਿਸ ਨੇ ਤੁਹਾਡੇ 'ਤੇ ਜਿਨਸੀ ਪ੍ਰਹਾਰ ਕੀਤਾ ਹੈ, ਜਾਂ ਕਿਸੇ ਜਿਨਸੀ ਤਰੀਕੇ ਨਾਲ ਅਣਉਚਿਤ ਤੌਰ 'ਤੇ ਵਿਹਾਰ ਕੀਤਾ ਹੈ, ਕਿਸੇ ਨਿਯਮਤ ਪੇਸ਼ੇ (ਜਿਵੇਂ ਕਿ, ਡਾਕਟਰ, ਨਰਸ, ਵਕੀਲ, ਅਧਿਆਪਕ, ਮਸਾਜ ਥੈਰੇਪਿਸਟ, ਕਾਇਰੋਪ੍ਰੈਕਟਰ, ਸਮਾਜਿਕ ਕਰਮਚਾਰੀ, ਮਨੋਵਿਗਿਆਨੀ ਜਾਂ ਇੰਜੀਨੀਅਰ) ਨਾਲ ਸਬੰਧਿਤ ਹੈ, ਤਾਂ ਤੁਸੀਂ ਉਸ ਰੈਗੂਲੇਟਰੀ ਸੰਸਥਾ ਨੂੰ ਸ਼ਿਕਾਇਤ ਕਰ ਸਕਦੇ ਹੋ ਜੋ ਉਹਨਾਂ ਦੇ ਚਾਲ-ਚਲਣ ਦੀ ਨਿਗਰਾਨੀ ਕਰਦੀ ਹੈ (ਉਦਾਹਰਣ ਵਜੋਂ, ਪੇਸ਼ਾਵਰ ਐਸੋਸੀਏਸ਼ਨ)। ਮੈਨੀਟੋਬਾ ਵਿੱਚ ਨਿਯਮਤ ਪੇਸ਼ਿਆਂ ਦੀ ਸੂਚੀ ਲਈ, https://www.gov.mb.ca/ie/study/other/prof_reg_bod.html ਵੇਖੋ।

## ਸਿਵਲ ਕੋਰਟ

ਇੱਕ ਅਪਰਾਧਕ ਕੇਸ ਵਿੱਚ, ਜੇਕਰ ਕਿਸੇ ਵਾਜਬ ਸ਼ੱਕ ਤੋਂ ਹਟ ਕੇ ਇਹ ਸਾਬਤ ਹੋ ਸਕਦਾ ਹੈ ਕਿ ਉਹਨਾਂ ਨੇ ਉਹ ਅਪਰਾਧ ਕੀਤਾ ਜਿਸ ਲਈ ਉਨ੍ਹਾਂ 'ਤੇ ਦੋਸ਼ ਲਾਇਆ ਗਿਆ ਹੈ, ਤਾਂ ਅਪਰਾਧੀ ਦੋਸ਼ੀ ਪਾਇਆ ਜਾਂਦਾ ਹੈ। ਇਹ ਮੁਸ਼ਕਲ ਹੋ ਸਕਦਾ ਹੈ। ਭਾਵੇਂ ਕੋਈ ਦੋਸ਼ੀ ਵੀ ਹੈ, ਫਿਰ ਵੀ ਕਿਸੇ ਵਾਜਬ ਸ਼ੱਕ ਤੋਂ ਹਟ ਕੇ ਪੇਸ਼ ਕੀਤਾ ਗਿਆ ਸਬੂਤ ਦੋਸ਼ ਨੂੰ ਸਾਬਤ ਕਰਨ ਲਈ ਕਾਫੀ ਨਹੀਂ ਹੁੰਦਾ, ਤਾਂ ਅਪਰਾਧੀ ਮੁਕਤ ਕੀਤਾ ਜਾ ਸਕਦਾ ਹੈ।

ਇੱਕ ਪੀੜਤ ਉਸ ਵਿਅਕਤੀ ਵਿਰੁੱਧ ਸਿਵਲ ਅਦਾਲਤ ਵਿੱਚ ਮੁਕੱਦਮਾ ਦਾਇਰ ਕਰਨ ਦੀ ਚੋਣ ਵੀ ਕਰ ਸਕਦਾ ਸੀ ਜਿਸ ਨੇ ਉਸ 'ਤੇ ਪ੍ਰਹਾਰ ਕੀਤਾ ਸੀ। ਇੱਕ ਸਿਵਲ ਮੁਕੱਦਮਾ ਅਦਾਲਤ-ਆਧਾਰਤ ਪ੍ਰਕਿਰਿਆ ਹੁੰਦੀ ਹੈ ਜਿੱਥੇ ਵਿਅਕਤੀ (ਇਸ ਮਾਮਲੇ ਵਿੱਚ ਪੀੜਤ) ਕਿਸੇ ਹੋਰ ਵਿਅਕਤੀ (ਵਿਅਕਤੀ ਜਿਸਨੇ ਉਸ ਉੱਤੇ ਪ੍ਰਹਾਰ ਕੀਤਾ ਸੀ) ਨੂੰ ਕਿਸੇ ਕਿਸਮ ਦੇ ਗਲਤ ਕੰਮਾਂ ਲਈ ਜ਼ੁੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਸਿਵਲ ਅਦਾਲਤ ਵਿੱਚ, ਕੇਵਲ ਵਾਪਰੀ ਘਟਨਾ ਨੂੰ ਸਿੱਧ ਕਰਨਾ ਜਰੂਰੀ ਹੁੰਦਾ ਹੈ ਭਾਵੇਂ ਇਹ ਹੋਈ ਹੋਵੇ ਜਾਂ ਨਾ (ਇਸ ਨੂੰ ਸੰਭਾਵਨਾਵਾਂ ਦਾ ਸੰਤੁਲਨ ਆਖਿਆ ਜਾਂਦਾ ਹੈ)।

ਕੋਰਟ ਆਫ਼ ਕਵੀਨਜ਼ ਬੈਂਚ 'ਤੇ ਇੱਕ ਮੁਕੱਦਮਾ ਦਾਇਰ ਕੀਤਾ ਜਾਂਦਾ ਹੈ, ਜਿਸ ਵਿੱਚ ਛੋਟੇ ਦਾਅਵਿਆਂ ਦੇ ਵਿਵਾਦ ($10,000 ਤੋਂ ਘੱਟ ਰਕਮ ਦੇ ਲਈ) ਅਤੇ ਵੱਡੇ ਵਿਵਾਦਾਂ ਦੀ ਸੁਣਵਾਈ ਕੀਤੀ ਜਾਂਦੀ ਹੈ। ਛੋਟੇ ਦਾਅਵਿਆਂ ਦੇ ਕੋਰਟ ਵਿੱਚ ਤੁਹਾਨੂੰ ਕੋਈ ਵਕੀਲ ਕਰਨ ਦੀ ਜ਼ਰੂਰਤ ਨਹੀਂ ਹੁੰਦੀ ਹੈ। ਪਰ, ਦੂਜੀ ਕਿਸਮ ਦੇ ਮੁਕੱਦਮਿਆਂ ਦੇ ਲਈ, ਤੁਹਾਡੀ ਨੁਮਾਇੰਦਗੀ ਕਰਨ ਲਈ ਕੋਈ ਵਕੀਲ ਕਰਨਾ ਸਭ ਤੋਂ ਵਧੀਆ ਵਿਕਲਪ ਹੁੰਦਾ ਹੈ। ਇਹ ਮਹਿੰਗਾ ਹੋ ਸਕਦਾ ਹੈ। ਵਧੇਰੇ ਜਾਣਕਾਰੀ ਲਈ, ਕਮਿਊਨਿਟੀ ਲੀਗਲ ਐਜੂਕੇਸ਼ਨ ਐਸੋਸੀਏਸ਼ਨ (Community Legal Education Association) ਵਿਖੇ ਲਾ ਫ਼ੋਨ-ਇਨ (Lay Phone-In) ਅਤੇ ਲਾਇਅਰ ਰੈਫਰਲ ਪ੍ਰੋਗਰਾਮ (Lawyer Referral Program) ਨਾਲ **204-943-2305** ਜਾ ਟੋਲ ਫ੍ਰੀ **1-800-262-8800 (ਵਿਨੀਪੈੱਗ ਤੋਂ ਬਾਹਰ)** 'ਤੇ ਸੰਪਰਕ ਕਰੋ। ਸਟਾਫ਼ ਫ਼ੋਨ 'ਤੇ ਆਮ ਕਾਨੂੰਨੀ ਜਾਣਕਾਰੀ ਅਤੇ ਸਲਾਹ ਜਾਂ ਹਵਾਲੇ ਪ੍ਰਦਾਨ ਕਰ ਸਕਦਾ ਹੈ।

# ਕਾਉਂਸਲਿੰਗ, ਸਮਰਥਨ ਅਤੇ ਨਿਵਾਰਨ

ਇਸ ਬਾਰੇ ਬਿਹਤਰ ਸਮਝਣ ਲਈ ਕਿ ਤੁਹਾਡੇ ਨਾਲ ਕੀ ਵਾਪਰਿਆ ਹੈ, ਤੁਹਾਨੂੰ ਕਾਉਂਸਲਿੰਗ ਅਤੇ ਹੀਲਿੰਗ ਸੇਵਾਵਾਂ ਤੋਂ ਫਾਇਦਾ ਪ੍ਰਾਪਤ ਹੋ ਸਕਦਾ ਹੈ। ਜੇਕਰ ਤੁਹਾਨੂੰ ਕਿਸੇ ਨਾਲ ਗੱਲ ਕਰਨ ਦੀ ਲੋੜ ਹੁੰਦੀ ਹੈ, ਤਾਂ ਨਿਮਨਲਿਖਿਤ ਪ੍ਰੋਗਰਾਮਾਂ ਰਾਹੀਂ ਸਹਾਇਤਾ ਉਪਲਬਧ ਹੋ ਸਕਦੀ ਹੈ:

## ਜਿਨਸੀ ਪ੍ਰਹਾਰ ਸੰਬੰਧੀ ਪ੍ਰੋਗਰਾਮ

***ਸੈਕਸੁਅਲ ਐਸਾਲਟ ਕ੍ਰਾਈਸਿਸ ਲਾਈਨ (Sexual Assault Crisis Line) (ਸੂਬਾ–ਵਿਆਪਕ, 24/7)***

ਮੈਨੀਟੋਬਾ ਵਿੱਚ ਕਿਤੇ ਵੀ, ਦਿਨ ਦੇ 24 ਘੰਟੇ, ਤੁਸੀਂ ਕਲੀਨਿਕ ਕਮਿਉਨਿਟੀ ਹੈਲਥ ਸੈਂਟਰ ਦੀ ਸੈਕਸ਼ੁਅਲ ਐਸਾਲਟ ਕ੍ਰਾਈਸਿਸ ਲਾਈਨ ਨੂੰ ਫ਼ੋਨ ਕਰ ਸਕਦੇ ਹੋ:
ਵਿਨੀਪੈੱਗ ਵਿੱਚ: **204-786-8631**
ਮੈਨੀਟੋਬਾ ਵਿੱਚ ਟੋਲ ਫ੍ਰੀ: **1-888-292-7565**
**ਟੀਟੀਵਾਈ: 204-784-4097**

***ਸੈਕਸੁਅਲ ਐਸਾਲਟ ਕ੍ਰਾਈਸਿਸ ਪ੍ਰੋਗਰਾਮ (Sexual Assault Crisis Program) (ਵਿਨੀਪੈੱਗ)***

ਕਲੀਨਿਕ ਇੱਕ ਸੈਕਸ਼ੁਅਲ ਅਸਾਲਟ ਕ੍ਰਾਈਸਿਸ ਕਾਉਂਸਲਿੰਗ ਪ੍ਰੋਗਰਾਮ (Sexual Assault Crisis Counselling Program) ਦਾ ਸੰਚਾਲਨ ਵੀ ਕਰਦਾ ਹੈ। ਇਸ ਪ੍ਰੋਗਰਾਮ ਵਿੱਚ ਜਿਨਸੀ ਪ੍ਰਹਾਰ ਦੇ ਪੀੜਤਾਂ ਲਈ ਛੋਟੀ-ਮਿਆਦ ਦਾ ਸਲਾਹ-ਮਸ਼ਵਰਾ ਸ਼ਾਮਲ ਹੈ (ਵਿਨੀਪੈੱਗ ਵਿੱਚ ਉਪਲਬਧ)। ਵਿਅਕਤੀਗਤ ਕਾਉਂਸਲਿੰਗ ਲਈ, **204-784-4059** 'ਤੇ ਸੈਕਸ਼ੁਅਲ ਐਸਾਲਟ ਇਨਟੇਕ ਨੂੰ ਫ਼ੋਨ ਕਰੋ। ਵਿਨੀਪੈੱਗ ਵਿੱਚ ਕਲੀਨਿਕ ਦੇ ਸਵੈ-ਸੇਵਕ ਉਨ੍ਹਾਂ ਪੀੜਤਾਂ ਦੀ ਮਦਦ ਲਈ ਹੈਲਥ ਸਾਇੰਸ ਸੈਂਟਰ ਵਿੱਚ ਜਾਣ ਲਈ ਉਪਲਬਧ ਹਨ ਜਿੰਨਾਂ ਦੀ ਡਾਕਟਰੀ ਅਤੇ ਫੌਰੈਂਸਿਕ ਜਾਂਚ ਹੋ ਰਹੀ ਹੈ। ਡਾਕਟਰੀ ਜਾਂ ਕਾਨੂੰਨੀ ਫਾਲੋ-ਅੱਪ ਮੁਲਾਕਾਤ ਸੰਬੰਧੀ ਪੁੱਛਗਿੱਛ ਲਈ **204-784-4049** 'ਤੇ ਫ਼ੋਨ ਕਰੋ।

***ਦੀ ਲੌਰਅਲ ਸੈਂਟਰ (The Laurel Centre) (ਵਿਨੀਪੈੱਗ)***

ਲੌਰਅਲ ਸੈਂਟਰ, ਉਹਨਾਂ ਔਰਤਾਂ ਨੂੰ ਕਾਉਂਸਲਿੰਗ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੇ ਬਚਪਨ ਜਾਂ ਕਿਸ਼ੋਰ ਜਿਨਸੀ ਪ੍ਰਹਾਰ ਦਾ ਅਨੁਭਵ ਕੀਤਾ ਹੈ ਅਤੇ ਬਦਸਲੂਕੀ ਦੇ ਚਿਰਕਾਲੀ ਪ੍ਰਭਾਵ ਨੂੰ ਹੱਲ ਕਰਨਾ ਚਾਹੁੰਦੀਆਂ ਹਨ। ਕੋਈ ਵੀ ਔਰਤ ਜੋ ਬਚਪਨ ਦੇ ਜਿਨਸੀ ਸ਼ੋਸ਼ਣ ਦੇ ਸਦਮੇ ਦਾ ਪ੍ਰਭਾਵ ਅਨੁਭਵ ਕਰ ਰਹੀ ਹੈ, ਉਹ ਕੇਂਦਰ ਵਿਖੇ ਸੇਵਾਵਾਂ ਲਈ ਯੋਗ ਹੈ। ਵਧੇਰੇ ਜਾਣਕਾਰੀ ਲਈ, ਫ਼ੋਨ ਕਰੋ: **204-783-5460** ਜਾਂ ਵੇਖੋ www.thelaurelcentre.com।

***ਸੇਜ ਹਾਊਸ (Sage House) (ਵਿਨੀਪੈੱਗ)***

ਸੇਜ ਹਾਊਸ ਵੇਸਵਾ ਔਰਤਾਂ ਤੱਕ ਪਹੁੰਚ ਕਰਨ ਵਾਲਾ ਇੱਕ ਅਜਿਹਾ ਸਰੋਤ ਕੇਂਦਰ ਹੈ ਜੋ ਪੇਟ ਪਾਲਣ ਲਈ ਕੀਤੇ ਸੈਕਸ ਕਾਰਜਾਂ ਵਿੱਚ ਸ਼ਾਮਲ ਔਰਤਾਂ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ। ਸੇਜ ਹਾਊਸ ਟ੍ਰਾਂਸਜੈਂਡਰ ਔਰਤਾਂ ਸਮੇਤ ਉਹਨਾਂ ਔਰਤਾਂ ਨੂੰ ਸੇਵਾਵਾਂ ਦਿੰਦਾ ਹੈ, ਜਿਹੜੀਆਂ ਗਲੀ ਨਾਲ ਜੁੜੀਆਂ

ਹੋਈਆਂ ਹੁੰਦੀਆਂ ਹਨ ਅਤੇ/ਜਾਂ ਲਿੰਗੀ ਵਪਾਰ ਵਿੱਚ ਸ਼ਾਮਲ ਹੁੰਦੀਆਂ ਹਨ। ਮੁਲਾਕਾਤ ਨਿਰਧਾਰਤ ਕਰਨ ਲਈ, **204-943-6379** 'ਤੇ ਫ਼ੋਨ ਕਰੋ।

***ਔਰਤਾਂ ਲਈ ਪਰਿਵਰਤਨ, ਸਿੱਖਿਆ ਅਤੇ ਸਰੋਤ*** *(Transition, Education & Resources for Females [TERF])* ***(ਟੀਈਆਰਐਫ [TERF] – ਵਿਨੀਪੈੱਗ)***

ਟੀਈਆਰਐਫ ਬੱਚਿਆਂ, ਨੌਜਵਾਨਾਂ, ਬਾਲਗ਼ਾਂ ਅਤੇ ਟ੍ਰਾਂਸਜੈਂਡਰ ਲੋਕਾਂ ਲਈ ਬਦਲਾਅ ਅਤੇ ਨਿਵਾਰਨ ਪ੍ਰੋਗਰਾਮ ਹੈ ਜਿਨ੍ਹਾਂ ਦਾ ਲਿੰਗੀ ਵਪਾਰ (ਵੇਸਵਾਜਗਰੀ) ਦੁਆਰਾ ਸ਼ੋਸ਼ਣ ਕੀਤਾ ਗਿਆ ਹੈ। ਟੀਈਆਰਐਫ ਗਾਹਕਾਂ ਨੂੰ ਜੀਵਨ ਹਾਲਾਤਾਂ ਨੂੰ ਸਥਿਰ ਕਰਨ, ਤੰਦਰੁਸਤ ਜੀਵਨ-ਸ਼ੈਲੀ ਨੂੰ ਉਤਸ਼ਾਹਿਤ ਕਰਨ ਅਤੇ ਭਰੋਸੇ ਅਤੇ ਸਵੈ-ਮਾਣ ਨਿਰਮਾਣ ਕਰਨ ਵਿੱਚ ਮਦਦ ਕਰਦਾ ਹੈ। ਰਜਿਸਟਰ ਕਰਨ ਲਈ ਫ਼ੋਨ ਕਰੋ: **204-786-7051 ext. 5311**।

***ਸਰਵਾਈਵਰਸ ਹੋਪ ਕ੍ਰਾਈਸਿਸ ਸੈਂਟਰ (ਇੰਟਰਲੇਕ)***

ਸਰਵਾਈਵਰਸ ਹੋਪ ਕ੍ਰਾਈਸਿਸ ਸੈਂਟਰ ਜਿਨਸੀ ਹਿੰਸਾ ਤੋਂ ਬਚੇ ਲੋਕਾਂ, ਅਤੇ ਨਾਲ ਹੀ ਜਿਨਸੀ ਪ੍ਰਹਾਰ ਤੋਂ ਬਚੇ ਲੋਕਾਂ ਦੇ ਪਰਿਵਾਰ ਦੇ ਮੈਂਬਰਾਂ, ਅਜ਼ੀਜ਼ਾਂ ਅਤੇ ਮਿੱਤਰਾਂ ਨੂੰ ਸਹਾਇਤਾ ਦਿੰਦਾ ਹੈ। ਸਹਾਇਤਾ ਦੀ ਲੋੜ ਵਾਲੇ ਵਿਅਕਤੀਆਂ ਨੂੰ ਜਿਨਸੀ ਪ੍ਰਹਾਰ ਦੇ ਸਦਮੇ ਬਾਰੇ ਜਾਣਕਾਰੀ ਲਈ ਦਫ਼ਤਰੀ ਸਮੇਂ ਦੇ ਦੌਰਾਨ **204-753-5353** 'ਤੇ ਫ਼ੋਨ ਕਰਨਾ ਚਾਹੀਦਾ ਹੈ। ਕਾਰੋਬਾਰੀ ਸਮੇਂ ਤੋਂ ਬਾਹਰ, ਇਹ ਪ੍ਰੋਗਰਾਮ ਜਿਨਸੀ ਪ੍ਰਹਾਰ ਦੇ ਸੰਕਟ ਸੰਬੰਧੀ ਦਖਲ ਸੇਵਾਵਾਂ, ਬਚੇ ਲੋਕਾਂ ਨਾਲ ਹਸਪਤਾਲ ਅਤੇ ਪੁਲਿਸ ਕੋਲ ਜਾਣ ਲਈ ਸਵੈ-ਸੇਵਕ ਪ੍ਰਦਾਨ ਕਰਦਾ ਹੈ, ਅਤੇ ਖੇਤਰੀ ਸੇਵਾ ਪ੍ਰਦਾਤਾਵਾਂ ਨੂੰ ਜਾਣਕਾਰੀ ਅਤੇ ਹਵਾਲੇ ਉਪਲਬਧ ਕਰਾਉਂਦਾ ਹੈ। ਤੁਸੀਂ ਸੇਲਕਿਰਕ ਜਨਰਲ ਹਸਪਤਾਲ (Selkirk General Hospital), ਪਿਨਾਵਾ ਹਸਪਤਾਲ (Pinawa Hospital), ਪਾਈਨ ਫਾਲਜ਼ ਹੈਲਥ ਕੰਪਲੈਕਸ (Pine Falls Health Complex), ਬੀਉਸਜ਼ੋਰ ਡਿਸਟ੍ਰਿਕਟ ਹਸਪਤਾਲ (Beausejour District Hospital) ਅਤੇ ਉੱਤਰ-ਪੂਰਬੀ ਮੈਨੀਟੋਬਾ ਵਿੱਚ ਆਰਸੀਐਮਪੀ (RCMP) ਦਸਤੇ ਦੁਆਰਾ, 24/7, ਸਹਾਇਤਾ ਪ੍ਰਾਪਤ ਕਰ ਸਕਦੇ ਹੋ।

## ਸਵਦੇਸ਼ੀ ਅਤੇ ਸੱਭਿਆਚਾਰਕ ਸਮਰਥਨ

ਜੇ ਤੁਸੀਂ ਕਿਸੇ ਵਿਅਕਤੀ ਦੀ ਪਛਾਣ ਕਿਸੇ ਸਵਦੇਸ਼ੀ ਦੇ ਤੌਰ 'ਤੇ ਕਰਦੇ ਹੋ (First Nations, Inuit ਜਾਂ Metis), ਤਾਂ ਤੁਸੀ ਉਹ ਮਦਦ ਪ੍ਰਾਪਤ ਕਰਨਾ ਚਾਹ ਸਕਦੇ ਹੋ ਜੋ ਤੁਹਾਡੇ ਸਥਾਨਕ ਸੱਭਿਆਚਾਰ, ਰਵਾਇਤਾਂ ਅਤੇ ਵਿਸ਼ਵਾਸਾਂ ਮੁਤਾਬਕ ਹੁੰਦਾ ਹੈ। ਆਪਣੀ ਕਮਿਊਨਿਟੀ ਵਿੱਚ ਇੱਕ ਬਜ਼ੁਰਗ ਤੋਂ ਕਾਉਂਸਲਿੰਗ, ਰਾਏ ਅਤੇ ਸਹਾਇਤਾ ਲਓ। ਜੇਕਰ ਤੁਸੀਂ ਕਿਸੇ ਫਸਟ ਨੈਸ਼ਨਜ਼ ਕਮਿਊਨਿਟੀ ਵਿੱਚ ਰਹਿੰਦੇ ਹੋ, ਤਾਂ ਤੁਸੀਂ ਕਾਉਂਸਲਿੰਗ ਅਤੇ ਸਹਾਇਤਾ ਲਈ ਸਥਾਨਕ ਸਿਹਤ ਕੇਂਦਰ ਜਾਂ ਨਰਸਿੰਗ ਸਟੇਸ਼ਨ ਵੀ ਜਾ ਸਕਦੇ ਹੋ।

***ਕਾ ਨੀ ਕਨੀਚਿਕ (Ka Ni Kanichihk) (ਵਿਨੀਪੈੱਗ)***

ਕਾ ਨੀ ਕਨੀਚਿਕ ਦਾ ਹਾਰਟ ਮੈਡੀਸਨ ਲਾੱਜ ਪ੍ਰੋਗਰਾਮ ਉਨ੍ਹਾਂ ਸਵਦੇਸ਼ੀ ਔਰਤਾਂ ਲਈ ਸੱਭਿਆਚਾਰਕ-ਅਧਾਰਤ ਸਹਾਇਤਾ ਅਤੇ ਵਕਾਲਤ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੇ ਜਿਨਸੀ ਸ਼ੋਸ਼ਣ ਅਤੇ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ। ਇਹ ਪ੍ਰੋਗਰਾਮ ਉਨ੍ਹਾਂ ਸਾਰੇ ਸਵਦੇਸ਼ੀ ਲੋਕਾਂ ਲਈ ਉਪਲਬਧ ਹੈ ਜਿਨ੍ਹਾਂ ਦੀ ਔਰਤਾਂ ਵੱਜੋਂ ਅਤੇ 18 ਸਾਲ ਦੀ ਉਮਰ ਤੋਂ ਵੱਧ ਹੋਣ ਵੱਜੋਂ ਪਛਾਣ ਕੀਤੀ ਜਾਂਦੀ ਹੈ। ਇਹ

ਵਿਨੀਪੈੱਗ ਵਿੱਚ ਸਥਿਤ ਹੈ, ਪਰ ਸ਼ਹਿਰ ਤੋਂ ਬਾਹਰਲੇ ਲੋਕਾਂ ਨੂੰ ਸਵੀਕਾਰ ਕਰਦਾ ਹੈ। ਵਧੇਰੇ ਜਾਣਕਾਰੀ ਲਈ http://www.kanikanichihk.ca/programs/heart-medicine-lodge/ ਵੇਖੋ ਜਾਂ **204-953-5820** 'ਤੇ ਵਿਨੀਪੈੱਗ ਵਿੱਚ ਕਾ ਨੀ ਕਨੀਚਿਕ ਨੂੰ ਫ਼ੋਨ ਕਰੋ।

***ਇਯਾ–ਕੀਨ ਹੀਲਿੰਗ ਸੈਂਟਰ ਇੰਕ. (Eyaa-Keen Healing Centre Inc.) (ਵਿਨੀਪੈੱਗ)***

ਇਯਾ-ਕੀਨ ਹੀਲਿੰਗ ਸੈਂਟਰ ਇੰਕ. ਅਪਰਾਧ ਦੇ ਪੀੜਤਾਂ ਲਈ ਸੱਭਿਆਚਾਰ ਅਧਾਰਤ ਨਿਵਾਰਨ ਦੇ ਤਰੀਕਿਆਂ ਦੀ ਪੇਸ਼ਕਸ਼ ਕਰਦਾ ਹੈ, ਇਹ ਵਿਸ਼ੇਸ਼ ਤੌਰ 'ਤੇ ਸਦਮੇ ਤੋਂ ਨਿਵਾਰਨ ਲਈ ਧਿਆਨ ਕੇਂਦਰਤ ਕਰਦਾ ਹੈ। **1-877-423-4648** 'ਤੇ ਕੇਂਦਰ ਨੂੰ ਟੋਲ ਫ੍ਰੀ ਫ਼ੋਨ ਕਰੋ।

***ਮੈਨੀਟੋਬਾ ਕੀਵਾਤੀਨੋਵੀ ਓਕੀਮਾਕਾਨਕ (MKO) (Manitoba Keewatinowi Okimakanak) ਮੋਬਾਈਲ ਕ੍ਰਾਈਸਿਸ ਰਿਸਪਾਂਸ ਟੀਮ (Mobile Crisis ResponseTeam - MCRT)***

ਐੱਮਕੇਓ (MKO) ਮੋਬਾਇਲ ਕ੍ਰਾਈਸਿਸ ਰਿਸਪਾਂਸ ਟੀਮ (MCRT) ਮੈਨੀਟੋਬਾ ਦੀਆਂ ਸਾਰੀਆਂ ਫਸਟ ਨੇਸ਼ਨ ਕਮਿਊਨਿਟੀਆਂ ਲਈ ਸੰਪੂਰਨ, ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਅਤੇ ਸੁਰੱਖਿਅਤ ਸੰਕਟ ਪ੍ਰਤੀਕਿਰਿਆ ਸਦਕਾ ਦਖਲ ਦੇਣਗੀਆਂ। ਐੱਮਸੀਆਰਟੀ (MCRT) ਕਮਿਊਨਿਟੀ ਨਾਲ ਮਿਲ ਕੇ ਯੋਜਨਾਬੱਧ ਜਵਾਬ ਦਖਲ ਅਤੇ ਕਮਿਊਨਿਟੀ ਦੀ ਸਮੇਂ ਸਿਰ ਪਹੁੰਚ ਨੂੰ ਨਿਰਧਾਰਣ ਕਰਨ ਦੇ ਨਾਲ ਨਾਲ ਕਮਿਊਨਿਟੀ ਵਿੱਚ ਉਪਲੱਬਧ ਸਥਾਨਕ ਸਰੋਤਾਂ ਦੇ ਨਾਲ ਕੰਮ ਕਰੇਗੀ। ਐੱਮਕੇਓ (MKO) ਮੋਬਾਇਲ ਕ੍ਰਾਈਸਿਸ ਰਿਸਪਾਂਸ ਟੀਮ ਨੂੰ ਬੇਨਤੀ ਕਰਨ ਲਈ crisisresponse@mkonorth.com 'ਤੇ ਈਮੇਲ ਕਰੋ ਜਾਂ **1-844-927-LIFE (5433)** 'ਤੇ ਫ਼ੋਨਕਰੋ।

## ਵਿਨੀਪੈੱਗ ਦੇ ਬਾਹਰ ਹੋਰ ਕਾਉਂਸਲਿੰਗ ਸਰੋਤ:

ਮੈਨੀਟੋਬਾ ਵਿੱਚ ਹਰ ਖੇਤਰੀ ਸਿਹਤ ਅਧਿਕਾਰੀ ਕੋਲ ਸੰਕਟ ਲਈ ਅਤੇ ਗ਼ੈਰ-ਐਮਰਜੈਂਸੀ ਲਈ ਮਾਨਸਿਕ ਸਿਹਤ ਕਰਮਚਾਰੀ ਹੁੰਦੇ ਹਨ। ਆਪਣੀ ਕਮਿਊਨਿਟੀ ਵਿੱਚ ਮਾਨਿਸਕ ਸਿਹਤ ਲਈ ਫ਼ੋਨ ਨੰਬਰ ਦਾ ਪਤਾ ਲਗਾਉਣ ਲਈ, https://www.gov.mb.ca/health/mh/crisis.html 'ਤੇ ਮੈਨੀਟੋਬਾ ਹੈਲਥ ਨਾਲ ਸੰਪਰਕ ਕਰੋ।

ਮੈਨੀਟੋਬਾ ਦੇ ਹਰੇਕ ਖੇਤਰ ਵਿੱਚ ਕਾਉਂਸਲਿੰਗ ਅਤੇ ਮਾਨਸਿਕ ਸਿਹਤ ਸਹਾਇਤਾ ਦੀ ਉਪਲਬਧਤਾ ਵੱਖਰੀ ਹੁੰਦੀ ਹੈ। ਆਪਣੇ ਨੇੜੇ ਦੇ ਸਰੋਤਾਂ ਲਈ, **204-982-6100** 'ਤੇ ਦੀ ਕੈਨੇਡੀਅਨ ਮੈਂਟਲ ਹੈਲਥ ਐਸੋਸੀਏਸ਼ਨ (Canadian Mental Health Association) – ਮੈਨੀਟੋਬਾ ਨਾਲ ਸੰਪਰਕ ਕਰੋ ਜਾਂ https://mbwpg.cmha.ca/mental-health/finding-help/ 'ਤੇ ਜਾਓ।

ਜੇਕਰ ਤੁਸੀਂ ਕਿਸੇ ਮੈਨੀਟੋਬਾ ਫਸਟ ਨੈਸ਼ਨਜ਼ ਕਮਿਊਨਿਟੀ ਵਿੱਚ ਰਹਿੰਦੇ ਹੋ ਅਤੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਨਰਸਿੰਗ ਸਟੇਸ਼ਨ ਵਿਖੇ ਜਾਓ ਅਤੇ ਇੱਕ ਮਾਨਸਿਕ ਸਿਹਤ ਕਰਮਚਾਰੀ ਨਾਲ ਗੱਲ ਕਰੋ। ਕੁਝ ਕਮਿਊਨਿਟੀਆਂ ਕੋਲ ਮਾਨਸਿਕ ਸਿਹਤ ਕਰਮਚਾਰੀ ਉਪਲਬਧ ਹੁੰਦੇ ਹਨ, ਅਤੇ ਕੁਝ ਮੁਲਾਕਾਤਾਂ ਲਈ ਮਾਨਸਿਕ ਸਿਹਤ ਕਰਮਚਾਰੀਆਂ ਨੂੰ ਕਮਿਊਨਿਟੀ ਵਿੱਚ ਲਿਜਾਣ ਲਈ ਪ੍ਰਬੰਧ ਕਰ ਸਕਦੇ ਹਨ।

ਮੈਨੀਟੋਬਾ ਵਿੱਚ ਅਪਰਾਧ ਦੇ ਪੀੜਤਾਂ ਲਈ ਕਈ ਹੋਰ ਮੁਫਤ ਜਾਂ ਘੱਟ ਲਾਗਤ ਵਾਲੇ ਕਾਉਂਸਲਿੰਗ ਪ੍ਰੋਗਰਾਮ ਹਨ। ਵਧੇਰੇ ਜਾਣਕਾਰੀ ਲਈ **1-866-4VICTIM (1-866-484-2846)** 'ਤੇ ਮੈਨੀਟੋਬਾ ਦੀਆਂ ਨਿਆਂ ਵਿਕਟਮ ਸਰਵੀਸਿਸ ਨਾਲ ਸੰਪਰਕ ਕਰੋ।

## ਵਸੀਲੇ ਅਤੇ ਫ਼ੋਨ ਨੰਬਰ

Canadian Mental Health Association – Manitoba – 204-982-6100

Community Legal Education Association – 1-800-262-8800

Compensation for Victims of Crime Program – 1-800-262-9344

Eyaa-Keen Healing Centre Inc. – 1-877-423-4648 'ਤੇ ਟੋਲ ਫ੍ਰੀ

Ka Ni Kanichihk – Heart Medicine Lodge – 204-953-5820

Klinic Sexual Assault Crisis Line (ਸੂਬਾ-ਵਿਆਪਕ 24/7) – 1-888-292-7565

Klinic's Human Trafficking Hotline (ਸੂਬਾ-ਵਿਆਪਕ 24/7) – 1-844-333-2211

Manitoba Human Rights Commission – 1-888-884-8681

Manitoba Justice – Victim Services Branch – 1-866-4VICTIM (1-866-484-2846)

Manitoba Suicide Prevention & Support Line (24/7) – 1-877-435-7170

MKO Mobile Crisis Response Team – 1-844-927-LIFE (5433)

Safe Work Manitoba – 1-855-957-SAFE (7233)

Sage House – 204-943-6379

Survivor's Hope Crisis Centre (SARAH Program) – 204-753-5353

The Laurel Centre – 204-783-5460

Transition, Education and Resources for Females (TERF) – 204-786-7051 ਐਕਸਟੈਂਸ਼ਨ 5311

Manitoba Justice Victim Services – https://www.gov.mb.ca/justice/victims/

Klinic Community Health Centre – What is Sexual Assault
http://klinic.mb.ca/in-person-counselling/sexual-assault-crisis-counselling/what-is-sexual-assault/

Manitoba government - You are Not Alone
www.manitoba.ca/youarenotalone

Health Sciences Centre's Sexual Assault Program
http://www.hsc.mb.ca/emergencyNurseExam.html

## ਕਾਨੂੰਨੀ ਸ਼ਬਦਾਵਲੀ

**ਮੁਲਜ਼ਮ** – ਉਹ ਵਿਅਕਤੀ ਜਿਸ 'ਤੇ ਅਪਰਾਧ ਦਾ ਦੋਸ਼ ਲਾਇਆ ਜਾਂਦਾ ਹੈ

**ਜਮਾਨਤ** – ਮਾਮਲੇ ਦੇ ਅਦਾਲਤ ਵਿੱਚ ਜਾਣ ਦੀ ਉਡੀਕ ਕਰਦਿਆਂ ਦੋਸ਼ੀ ਨੂੰ ਜੇਲ੍ਹ ਤੋਂ ਬਾਹਰ ਰੱਖਣਾ।

**ਜਮਾਨਤ (ਜਾਂ ਰਿਹਾਈ) ਦੀਆਂ ਸ਼ਰਤਾਂ** – ਵਿਸ਼ੇਸ਼ ਨਿਯਮ ਜਿਨ੍ਹਾਂ ਦੀ ਅਪਰਾਧੀ ਦੁਆਰਾ ਪਾਲਣਾ ਕੀਤੀ ਜਾਣੀ ਚਾਹੀਦੀ ਹੈ, ਜੇਕਰ ਮਾਮਲੇ ਦੇ ਅਦਾਲਤ ਵਿੱਚ ਜਾਣ ਦੀ ਉਡੀਕ ਕਰਦਿਆਂ ਉਸ ਨੂੰ ਜੇਲ੍ਹ ਤੋਂ ਬਾਹਰ ਰੱਖਿਆ ਜਾਂਦਾ ਹੈ

**ਦੰਡ** – ਅਦਾਲਤ ਦੁਆਰਾ ਇਹ ਫੈਸਲਾ ਕਿ ਮੁਲਜ਼ਮ ਵਿਅਕਤੀ ਅਪਰਾਧਕ ਕੇਸ ਵਿੱਚ ਦੋਸ਼ੀ ਹੈ

**ਅਦਾਲਤੀ ਕਲਰਕ** – ਵਿਅਕਤੀ ਜਿਹੜਾ ਅਦਾਲਤੀ ਕਮਰੇ ਵਿੱਚ ਜੱਜ ਦੀ ਸਹਾਇਤਾ ਕਰਦਾ ਹੈ

**ਕ੍ਰਾਊਨ ਅਟਾਰਨੀ** – ਨਿਆਂ ਵਿਭਾਗ ਲਈ ਵਕੀਲ, ਜਿਸ ਦਾ ਕੰਮ ਪੁਲਿਸ ਤੋਂ ਕੇਸਾਂ ਦਾ ਮੁਲਾਂਕਣ ਕਰਨਾ ਹੈ ਅਤੇ ਜਿੱਥੇ ਉਚਿਤ ਹੋਵੇ, ਅਪਰਾਧਕ ਦੋਸ਼ਾਂ ਦੀ ਪੈਰਵਾਈ ਕਰਨਾ ਹੁੰਦਾ ਹੈ

**ਹਿਰਾਸਤ** – ਮੁਲਜ਼ਮ ਵਿਅਕਤੀ ਨੂੰ ਜੇਲ੍ਹ ਵਿੱਚ ਰੱਖਣਾ

**ਬਚਾਅ ਪੱਖ ਦਾ ਵਕੀਲ ਜਾਂ ਕਾਉਂਸਲ** – ਵਕੀਲ ਜੋ ਦੋਸ਼ੀ ਵਿਅਕਤੀ ਦੀ ਸਹਾਇਤਾ ਕਰਦਾ ਹੈ

**ਡਿਸਪੋਜ਼ੀਸ਼ਨ** – ਕਿਸੇ ਕੇਸ ਦਾ ਨਤੀਜਾ



**ਸਬੂਤ** – ਘਟਿਤ ਹੋਏ ਨੂੰ ਦਰਸਾਉਣ ਲਈ ਉਹ ਗੱਲਾਂ ਜਿਹੜੀਆਂ ਅਦਾਲਤ ਵਿੱਚ ਲੋਕਾਂ ਦੁਆਰਾ ਕਹੀਆਂ ਜਾਂਦੀਆਂ ਹਨ ਜਾਂ ਚੀਜ਼ਾਂ ਜਿਹੜੀਆਂ ਅਦਾਲਤ ਵਿੱਚ ਲਿਆਈਆਂ (ਫ਼ੋਨ ਰਿਕਾਰਡ ਜਾਂ ਹੋਰ ਭੌਤਿਕ ਚੀਜ਼ਾਂ, ਜਿਵੇਂ ਕਿ ਫੋਟੋਆਂ ਜਾਂ ਕੱਪੜੇ) ਜਾਂਦੀਆਂ ਹਨ

**ਦੋਸ਼ੀ** – ਮੁਲਜ਼ਮ ਵਿਅਕਤੀ ਨੂੰ ਦੋਸ਼ੀ ਪਾਇਆ ਜਾਂਦਾ ਹੈ ਜਾਂ ਉਹ ਮੰਨਦਾ ਹੈ ਕਿ ਉਸਨੇ ਕੋਈ ਅਪਰਾਧ ਕੀਤਾ ਹੈ

**ਜਾਂਚ** – ਪੁਲਿਸ ਘਟਨਾ ਦੇ ਵਾਪਰਨ ਦੇ ਵੇਰਵਿਆਂ ਦੀ ਜਾਂਚ ਕਰਦੀ ਹੈ

**ਜੱਜ** – ਸਰਕਾਰੀ ਅਧਿਕਾਰੀ, ਜੋ ਕਿਸੇ ਅਦਾਲਤ ਵਿੱਚ ਮੁਕੱਦਮੇ ਦਾ ਇੰਚਾਰਜ ਹੁੰਦਾ ਹੈ ਅਤੇ ਅਪਰਾਧੀ ਦੇ ਦੋਸ਼ ਜਾਂ ਬੇਕਸੂਰਤਾ ਬਾਰੇ ਫੈਸਲੇ ਕਰ ਸਕਦਾ ਹੈ

**ਜਿਊਰੀ** – ਕਮਿਊਨਿਟੀ ਵਿੱਚੋਂ ਚੁਣਿਆ ਗਿਆ ਲੋਕਾਂ ਦਾ ਇੱਕ ਸਮੂਹ, ਜੋ ਮੁਕੱਦਮੇ ਵਿੱਚ ਸ਼ਾਮਲ ਹੁੰਦਾ ਹੈ, ਸਾਰੇ ਸਬੂਤਾਂ 'ਤੇ ਵਿਚਾਰ ਕਰਦਾ ਹੈ ਅਤੇ ਇਹ ਫੈਸਲਾ ਕਰਦਾ ਕਿ ਕੀ ਮੁਲਜ਼ਮ ਦੋਸ਼ੀ ਹੈ ਜਾਂ ਲਗਾਏ ਗਏ ਦੋਸ਼ ਦਾ ਕਸੂਰਵਾਰ ਨਹੀਂ ਹੈ

**ਘਟਨਾ ਸੰਖਿਆ** – ਖਾਸ ਸੰਖਿਆ ਜੋ ਪੁਲਿਸ ਦੁਆਰਾ ਮਾਮਲੇ ਦਾ ਧਿਆਨ ਰੱਖਣ ਲਈ ਵਰਤੀ ਜਾਂਦੀ ਹੈ

**ਅਪਰਾਧੀ** – ਇੱਕ ਵਿਅਕਤੀ ਜਿਸਨੂੰ ਅਪਰਾਧ ਦਾ ਦੋਸ਼ੀ ਪਾਇਆ ਗਿਆ ਸੀ

**ਪ੍ਰੋਬੇਸ਼ਨ** – ਜਦੋਂ ਦੋਸ਼ੀ ਨੂੰ ਸਜ਼ਾ ਦੇ ਹਿੱਸੇ ਵੱਜੋਂ ਕਮਿਊਨਿਟੀ ਵਿੱਚ ਕੁਝ ਖਾਸ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ

**ਸਜ਼ਾ** – ਕਿਸੇ ਅਪਰਾਧ ਦੇ ਦੋਸ਼ੀ ਵਿਅਕਤੀ ਨੂੰ ਦਿੱਤੀ ਗਈ ਸਜ਼ਾ

**ਸ਼ੈਰਿਫ਼** – ਅਦਾਲਤ ਦਾ ਇੱਕ ਅਧਿਕਾਰੀ ਜੋ ਸੁਰੱਖਿਆ ਲਈ ਜ਼ੁੰਮੇਵਾਰ ਹੈ

**ਸਟੇ** – ਰੱਦ ਕਰਨਾ; ਦੋਸ਼ 'ਤੇ ਰੋਕ ਲਗਾਉਣ ਦਾ ਮਤਲਬ ਹੈ ਕਿ ਦੋਸ਼ ਅਦਾਲਤ ਵਿੱਚ ਨਹੀਂ ਜਾਏਗਾ, ਕਿਉਂਕਿ ਇਸ ਲਈ ਕਾਫ਼ੀ ਸਬੂਤ ਨਹੀਂ ਹਨ

**ਹਾਜ਼ਰੀ ਸੰਮਨ** – ਗਵਾਹਾਂ ਨੂੰ ਭੇਜੇ ਜਾਣ ਲਈ ਇੱਕ ਵਿਸ਼ੇਸ਼ ਕਾਨੂੰਨੀ ਨੋਟਿਸ ਜੋ ਉਨ੍ਹਾਂ ਨੂੰ ਦੱਸਦਾ ਹੈ ਕਿ ਗਵਾਹੀ ਦੇਣ ਲਈ ਅਦਾਲਤ ਵਿੱਚ ਕਦੋਂ ਹਾਜ਼ਰ ਹੋਣਾ ਹੈ

**ਗਵਾਹੀ** – ਇੱਕ ਕਾਨੂੰਨੀ ਅਦਾਲਤ ਵਿੱਚ ਇੱਕ ਗਵਾਹ ਵੱਜੋਂ ਗਵਾਹੀ ਦੇਣਾ

**ਮੁਕੱਦਮਾ** – ਕਿਸੇ ਅਪਰਾਧਕ ਜਾਂ ਨਾਗਰਿਕ ਮਾਮਲੇ ਵਿੱਚ ਦੋਸ਼ ਦਾ ਨਿਰਣਾ ਕਰਨ ਲਈ, ਜੱਜ ਜਾਂ ਜਿਊਰੀ ਤੋਂ ਪਹਿਲਾਂ ਸਬੂਤ ਦੀ ਇੱਕ ਰਸਮੀ ਜਾਂਚ ਹੁੰਦੀ ਹੈ

**ਪੀੜਤ ਪ੍ਰਭਾਵ ਬਿਆਨ** – ਪੀੜਤਾਂ ਦੁਆਰਾ ਭਰਿਆ ਜਾਣ ਵਾਲਾ ਇੱਕ ਫਾਰਮ ਜੋ ਜੱਜ ਨੂੰ ਦੱਸਦਾ ਹੈ ਕਿ ਅਪਰਾਧ ਨਾਲ ਉਹ ਕਿਵੇਂ ਪ੍ਰਭਾਵਿਤ ਹੋਏ ਹਨ; ਇਸ ਨੂੰ ਅਦਾਲਤ ਵਿੱਚ ਉੱਚੀ ਆਵਾਜ਼ ਵਿੱਚ ਪੜ੍ਹਿਆ ਜਾ ਸਕਦਾ ਹੈ

## ਟਿੱਪਣੀਆਂ

ਟਿੱਪਣੀਆਂ

ਟਿੱਪਣੀਆਂ

ਟਿੱਪਣੀਆਂ

**Manitoba Justice**
**Victim Services**
1410-405 Broadway
Winnipeg, MB R3C 3L6
ਵਿਨੀਪੈੱਗ ਵਿੱਚ 204-945-0662
1-866-4VICTIM (1-866-484-2846)
ਵਿਨੀਪੈੱਗ ਤੋਂ ਬਾਹਰ, ਟੋਲ ਫ੍ਰੀ
Manitoba.ca/justice/victims

ਬੇਨਤੀ 'ਤੇ ਵਿਕਲਪਿਕ ਫਾਰਮੈਟਾਂ ਵਿੱਚ ਉਪਲਬਧ।

Manitoba